

ਸਮੂਹ ਦੇਸ਼ਵਾਸੀਆਂ ਨੂੰ ਸ਼ਿਵਰਾਤਰੀ ਦੀ ਲੱਖ-ਲੱਖ ਵਧਾਈ

ਰੋਜ਼ਾਨਾ

# ਲੋਕ ਬਾਣੀ

ਸੱਚ ਤੇ ਨਿਡਰ ਆਵਾਜ਼

Gmail : lokbani08@gmail.com

18 ਫਰਵਰੀ 2023

ਮੁੱਖ ਸੰਪਾਦਕ ਅਮਨ ਮਹਿਰਾ (ਜਲੰਧਰ)

R.N.I. /Punpun/29016/2008/ • ਸਾਲ : 15 • ਅੰਕ : 50 • ਮੁੱਲ : 5.00 ਰੁਪਏ • ਕੁੱਲ ਪੇਜ : 10 • ਫੈਕਸ: 0181-2211009, 99155-94111







## 16 ਘੰਟੇ ਬਾਅਦ ਵਾਪਸ ਪਰਤੀ ਜਿਥੋਂ ਉੱਡੀ ਸੀ ਫਲਾਈਟ




**ਆਕਲੈਂਡ/ਲੋਕ ਬਾਣੀ**

ਆਕਲੈਂਡ ਤੋਂ ਨਿਊਯਾਰਕ ਲਈ ਏਅਰ ਨਿਊਜ਼ੀਲੈਂਡ ਦੀ ਫਲਾਈਟ 16 ਫਰਵਰੀ ਨੂੰ ਵਾਪਸ ਆਪਣੇ ਟੇਕਆਫ ਸਥਾਨ 'ਤੇ ਪਹੁੰਚ ਗਈ। ਯਾਤਰੀ 16 ਘੰਟੇ ਤੱਕ ਫਲਾਈਟ 'ਚ ਬੈਠੇ ਰਹੇ। ਜਦੋਂ ਲੋਕਾਂ ਨੂੰ ਉਸੇ ਥਾਂ 'ਤੇ ਫਲਾਈਟ ਦਾ ਪਤਾ ਲੱਗਾ ਤਾਂ ਉਹ ਹੈਰਾਨ ਰਹਿ ਗਏ। ਦਰਅਸਲ, ਬਿਜਲੀ ਬੰਦ ਹੋਣ ਕਾਰਨ ਸੰਚਾਲਨ ਵਿੱਚ ਵਿਘਨ ਪਿਆ, ਜਿਸ ਨਾਲ ਘੱਟੋ-ਘੱਟ 135 ਉਡਾਣਾਂ ਪ੍ਰਭਾਵਿਤ ਹੋਈਆਂ। ਵਾਸ਼ਿੰਗਟਨ ਪੋਸਟ ਦੇ ਅਨੁਸਾਰ, ਏਅਰਲਾਈਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਆਕਲੈਂਡ-ਨਿਊਯਾਰਕ ਫਲਾਈਟ ਨੂੰ ਟਰਮੀਨਲ ਵਿੱਚ ਅੱਗ ਲੱਗਣ ਕਾਰਨ ਵਾਪਸ ਮੋੜ ਦਿੱਤਾ ਗਿਆ ਸੀ। ਰਿਪੋਰਟਾਂ ਮੁਤਾਬਕ ਨਿਊਜ਼ੀਲੈਂਡ ਦੀ 'ਏਅਰ ਨਿਊਜ਼ੀਲੈਂਡ ਫਲਾਈਟ' ਵੀਰਵਾਰ ਸ਼ਾਮ ਨੂੰ ਆਕਲੈਂਡ ਤੋਂ ਰਵਾਨਾ ਹੋਈ ਸੀ। ਫਲਾਈਟ ਨੂੰ ਸਥਾਨਕ ਸਮੇਂ ਅਨੁਸਾਰ ਸ਼ਾਮ 5:40 ਵਜੇ ਜੌਨ ਐੱਫ. ਕੈਨੇਡੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ 1 'ਤੇ ਉਤਰਨਾ ਸੀ, ਪਰ ਇਸ ਦੀ ਬਜਾਏ ਨਿਊਜ਼ੀਲੈਂਡ ਹੁ ਪੁੱਜ ਗਈ।

## ਕਿਸਾਨ ਨੇ ਕਰਜੇ ਤੋਂ ਤੰਗ ਆ ਕੀਤੀ ਆਤਮਹੱਤਿਆ



**ਰਾਮਾਂ ਮੰਡੀ/ਲੋਕ ਬਾਣੀ**

ਨੇੜਲੇ ਪਿੰਡ ਚੱਕ ਹੀਰਾ ਸਿੰਘ ਵਿਖੇ ਕਰਜ਼ੇ ਤੋਂ ਦੁੱਖੀ 50 ਸਾਲਾ ਕਿਸਾਨ ਨੇ ਆਪਣੇ ਖ਼ੇਤ ਵਿਚ ਬਣੇ ਕੋਠੇ ਵਿਚ ਫ਼ਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ, ਜਿਸ ਦੀ ਸੂਚਨਾ ਮਿਲਦੇ ਹੀ ਪੁਲਿਸ ਪਾਰਟੀ ਉਕਤ ਘਟਨਾ ਸਥਾਨ 'ਤੇ ਪੁੱਜ ਕੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਤਲਵੰਡੀ ਸਾਬੋ ਭੇਜ ਦਿੱਤਾ ਹੈ।

## ਵਿਦੇਸ਼ ਮੰਤਰਾਲੇ ਨੇ ਖਾਲਿਸਤਾਨ ਟਾਈਗਰ ਫੋਰਸ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ

**ਦਿੱਲੀ, ਕਪੂਰ**

ਭਾਰਤੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਖ਼ਾਲਿਸਤਾਨ ਟਾਈਗਰ ਫ਼ੋਰਸ ਇਕ ਖਾੜਕੂ ਜਥੇਬੰਦੀ ਹੈ ਅਤੇ ਇਸ ਦਾ ਉਦੇਸ਼ ਪੰਜਾਬ ਵਿਚ ਅੱਤਵਾਦ ਨੂੰ ਮੁੜ ਸੁਰਜੀਤ ਕਰਨਾ ਹੈ ਅਤੇ ਭਾਰਤ ਦੀ ਖ਼ੇਤਰੀ ਅਖ਼ੰਡਤਾ, ਏਕਤਾ, ਰਾਸ਼ਟਰੀ ਸੁਰੱਖਿਆ ਅਤੇ ਪ੍ਰਭੂਸੱਤਾ ਨੂੰ ਚੁਣੌਤੀ ਦੇਣਾ ਹੈ ਤੇ ਪੰਜਾਬ ਵਿਚ ਕਤਲਾਂ ਸਮੇਤ ਅੱਤਵਾਦ ਦੀਆਂ ਵੱਖ-ਵੱਖ ਕਾਰਵਾਈਆਂ ਨੂੰ ਉਤਸ਼ਾਹਿਤ ਕਰਨਾ ਹੈ।

## ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਪਰਸਨ ਬਣੇ ਡਾ. ਸਤਬੀਰ ਬੇਦੀ



**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਸਰਕਾਰ ਵਲੋਂ ਡਾ. ਸਤਬੀਰ ਬੇਦੀ ਪੁੱਤਰੀ ਡਾ. ਬੀ.ਐੱਸ. ਬੇਦੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ।

## ਮੀਡੀਆ ਕਲੱਬ ਰਜਿ. ਨੇ ਪੁਲਿਸ ਕਮਿਸ਼ਨਰ ਜਲੰਧਰ IPS ਕੁਲਦੀਪ ਸਿੰਘ ਚਾਹਲ ਨੂੰ ਕੀਤਾ ਸਨਮਾਨਿਤ



**ਜਲੰਧਰ /ਹਰਬੰਸ**

ਪੰਜਾਬ ਦੀ ਅਮਨ ਸ਼ਾਂਤੀ ਨੂੰ ਬਹਾਲ ਕਰਾਉਣ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ ਅਤੇ ਖਤਰਨਾਕ ਗੈਂਗਸਟਰ, ਨਸ਼ਾ ਤਸਕਰਾਂ ਨੂੰ ਨੱਥ ਪਾਉਣ ਵਾਲੇ ਪੰਜਾਬ ਸਰਕਾਰ ਦੇ ਨਿਧੜਕ ਆਈ ਪੀ ਐਸ ਅਫਸਰ ਕੁਲਦੀਪ ਸਿੰਘ ਚਾਹਲ ਪੁਲਿਸ ਕਮਿਸ਼ਨਰ ਜਲੰਧਰ ਨੂੰ ਮੀਡੀਆ ਕਲੱਬ ਰਜਿ. ਵਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੇ ਮੀਡੀਆ ਕਲੱਬ ਰਜਿ.ਦੇ ਚੇਅਰਮੈਨ ਤੇ ਰੋਜਾਨਾ ਲੋਕ ਬਾਣੀ ਅਖਬਾਰ ਦੇ ਮੁੱਖ ਸੰਪਾਦਕ ਅਮਨਦੀਪ ਮਹਿਰਾ, ਪ੍ਰਧਾਨ ਸ਼ਿੰਦਰਪਾਲ ਸਿੰਘ ਚਾਹਲ, ਜਨਰਲ ਸਕੱਤਰ ਮਹਾਂਵੀਰ ਸੇਠ, ਮੁੱਖ ਸਲਾਹਕਾਰ ਵਿਨੈਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਠਾਕੁਰ, ਸਕੱਤਰ ਗੁਰਪ੍ਰੀਤ ਸਿੰਘ, ਪੀ ਆਰ ਓ ਦਲਬੀਰ ਸਿੰਘ ਅਤੇ ਪੱਤਰਕਾਰ ਹਰਬੰਸ ਸਿੰਘ ਹਾਜਰ ਸਨ

ਰੋਜ਼ਾਨਾ ਲੋਕ ਬਾਣੀ

## ਸ਼ਿਵਰਾਤਰੀ ਦੇ ਮੌਕੇ ਲੱਖ-ਲੱਖ ਵਧਾਈ




**ਟੀਐਸ ਕਾਕਾ** ਵੱਲੋਂ ਸ਼ਿਵਰਾਤਰੀ ਦੇ ਮੌਕੇ ਤੇ ਸ਼ਹਿਰ ਵਾਸੀਆਂ ਨੂੰ ਵਧਾਈ

aap

**ਜਗਦੇਵ ਸਿੰਘ ਧੁਨਾਂ** ਪ੍ਰਧਾਨ ਬੀ ਸੀ ਵਿੰਗ ਹਲਕਾ ਦੱਖਣੀ ਵਲੋਂ





**ਮਿਸ਼ਰਾ ਇੰਟਰਪ੍ਰਾਇਜਿਜ਼** ਅਤੇ ਪ੍ਰਿੰਸ ਸਿੰਘ ਵੱਲੋਂ ਸ਼ਿਵਰਾਤਰੀ ਮੁਬਾਰਕ



ਅਰਵਿੰਦ ਕੇਜਰੀਵਾਲ 'ਆਪ' ਪ੍ਰਧਾਨ ਅਤੇ ਮੁੱਖ ਮੰਤਰੀ, ਦਿੱਲੀ



ਭਗਵੰਤ ਮਾਨ ਮੁੱਖ ਮੰਤਰੀ, ਪੰਜਾਬ



**ਪਵਨ ਰਾਜ ਸਿੰਘ** ਅਤੇ **ਦਿਲਬਾਗ ਸਿੰਘ** ਵੱਲੋਂ ਸ਼ਹਿਰ ਵਾਸੀਆਂ ਨੂੰ ਸ਼ਿਵਰਾਤਰੀ ਦੀਆਂ ਲੱਖ ਲੱਖ ਵਧਾਈਆਂ



ਆਮ ਆਦਮੀ ਪਾਰਟੀ ਦੀ ਵਿਧਾਇਕਾ **ਰਜਿੰਦਰ ਪਾਲ ਕੌਰ ਛੀਨਾ** ਵੱਲੋਂ ਸ਼ਿਵਰਾਤਰੀ ਦੀ ਵਧਾਈ।


## ਸੁਖਬੀਰ ਨੇ ਲਾਏ ਸਰਕਾਰ 'ਤੇ ਵਿਧਾਇਕ ਨੂੰ ਬਚਾਉਣ ਦੇ ਇਲਜ਼ਾਮ

**ਚੰਡੀਗੜ੍ਹ/ਵਿਨੋਦ ਸ਼ਰਮਾ**



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਿਤ ਰਤਨ ਦੇ ਖ਼ਿਲਾਫ਼ ਸਾਰੇ ਸਬੂਤ ਸਾਹਮਣੇ ਆਏ ਹਨ, ਜਿਸ ਵਿਚ ਵਿਧਾਇਕ ਦੀ ਰਿਸ਼ਵਤ ਮੰਗਣ ਦੀ ਰਿਕਾਰਡਿੰਗ, ਵਿਜੀਲੈਂਸ ਦੇ ਛਾਪੇ ਦੌਰਾਨ ਸਰਕਟ ਹਾਊਸ ਵਿਚ ਉਸਦੀ ਮੌਜੂਦਗੀ ਅਤੇ ਸੀ.ਸੀ. ਟੀ.ਵੀ. ਵਿਚ ਕੈਦ ਹੋਏ ਗੇਟ ਤੋਂ ਬਾਹਰ ਨਿਕਲਣਾ ਸ਼ਾਮਿਲ ਹੈ। ਉਨਾਂ ਕਿਹਾ ਕਿ ਕਿਉਂ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਭ੍ਰਿਸ਼ਟਾਂ ਨੂੰ ਬਚਾ ਰਹੇ ਹਨ ?

## ਪੰਜਾਬ ਵਿੱਚ ਫਿਰ ਚੱਲੀ ਗੋਲੀ, 1 ਦੀ ਮੌਤ

**ਸੁਨਾਮ/ਲੋਕ ਬਾਣੀ**

ਸੁਨਾਮ 'ਚ ਖੇਡ ਮੇਲੇ ਦੌਰਾਨ ਦੋ ਦੋਸਤਾਂ ਵਿਚਾਲੇ ਹੋਏ ਮਾਮੂਲੀ ਝਗੜੇ ਨੇ ਨੌਜਵਾਨ ਦੀ ਜਾਨ ਲੈ ਲਈ। ਸਥਾਨਕ ਪਟਿਆਲਾ ਰੋਡ 'ਤੇ ਸੁਨਾਮ ਸੰਗਰੂਰ ਕੈਂਚੀਆਂ 'ਚ ਪਿੰਡ ਸਿੰਘਪੁਰਾ ਦੇ ਨੌਜਵਾਨ ਸੁਖਜਿੰਦਰ ਸਿੰਘ ਚੱਠਾ ਦਾ ਉਸ ਦੇ ਹੀ ਦੋਸਤ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਦੋਸਤ ਫਰਾਰ ਹੋ ਗਿਆ। ਘਟਨਾ ਵੀਰਵਾਰ ਅੱਧੀ ਰਾਤ ਦੀ ਦੱਸੀ ਜਾ ਰਹੀ ਹੈ। ਪੁਲਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸੁਨਾਮ ਦੇ ਸਰਕਾਰੀ ਹਸਪਤਾਲ 'ਚ ਰਖਵਾਇਆ ਹੈ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ।


**ਪੱਤਰਕਾਰਾਂ ਲਈ ਸੁਨਹਿਰਾ ਮੌਕਾ**

ਪੰਜਾਬ ਦੇ ਹਰ ਜਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ

99155-94111

# ਲੰਬੇ ਸਮੇਂ ਤੋਂ ਜਾਮ ਸੀਵਰੇਜ ਦੀ ਸਮੱਸਿਆ ਦਾ ਧੂੰਨਾ ਨੇ ਕਰਵਾਇਆ ਹੱਲ

## ਸੁਪਰ ਸੈਕਸ਼ਨ ਮਸ਼ੀਨ ਨਾਲ ਸੀਵਰੇਜ ਦੀ ਕਰਵਾਈ ਸਫ਼ਾਈ , ਲੋਕਾਂ ਨੇ ਲਿਆ ਸੁੱਖ ਦਾ ਸਾਹ



**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ** ਆਮ ਆਦਮੀ ਪਾਰਟੀ ਹਲਕਾ ਦੱਖਣੀ ਬੀ . ਸੀ ਵਿੰਗ ਦੇ ਪ੍ਰਧਾਨ ਜਗਦੇਵ ਸਿੰਘ ਧੂੰਨਾ ਨੇ ਵਾਰਡ ਨੰ : 32 'ਚ ਪੈਂਦੇ ਮੁਹੱਲਾ ਬਸੰਤ ਨਗਰ ਦੀ ਗਲੀ ਨੰ :14 ਦੇ ਲੋਕਾਂ ਨੂੰ ਲੰਬੇ ਸਮੇਂ ਤੋਂ ਆ ਰਹੀ ਸੀਵਰੇਜ ਜਾਮ ਦੀ ਸਮੱਸਿਆ ਦਾ ਮੌਕੇ ਤੇ ਪਹੁੰਚ ਕੇ ਤੁਰੰਤ ਹੱਲ ਕਰਵਾਇਆ। ਜਿਸ ਤੋਂ ਬਾਅਦ ਲੋਕਾਂ ਨੇ ਸੁੱਖ ਦਾ ਸਾਹ ਲਿਆ । ਇਸ ਸਬੰਧੀ ਜਾਣਕਾਰੀ ਦਿੰਦਿਆਂ ਜਗਦੇਵ ਸਿੰਘ ਧੂੰਨਾ ਨੇ ਦੱਸਿਆ ਕਿ ਉਕਤ ਗਲੀ ਦੇ ਲੋਕ ਪਿੱਛਲੇ ਕਾਫੀ ਦਿਨਾਂ ਤੋਂ ਸੀਵਰੇਜ ਜਾਮ ਦੀ ਸਮੱਸਿਆ ਨਾਲ ਜੂਝ ਰਹੇ ਸਨ , ਕਿਉਂਕਿ ਸੀਵਰੇਜ ਜਾਮ ਹੋਣ ਕਾਰਨ ਗਲੀ ਵਿੱਚ ਗੰਦਾ ਪਾਣੀ ਖੜ੍ਹਾ ਹੋਣ ਕਰਕੇ ਰਾਹਗੀਰਾਂ ਨੂੰ ਉਥੋਂ ਲੰਘਣਾ ਮੁਸ਼ਕਿਲ ਹੋ ਰਿਹਾ ਸੀ । ਉਨਾਂ ਨੇ ਦੱਸਿਆ ਕਿ ਜਦੋਂ ਗਲੀ ਦੇ ਲੋਕਾਂ ਵੱਲੋਂ ਮੇਰੇ ਨੋਟਿਸ ਵਿੱਚ ਇਹ ਸਮੱਸਿਆ ਲਿਆਂਦੀ ਗਈ ਤਾਂ ਮੈਂ ਉਨ੍ਹਾਂ ਦੀ ਸਮੱਸਿਆ ਨੂੰ ਆਪਣੀ ਸਮੱਸਿਆ ਸਮਝਦੇ ਹੋਏ ਨਿਗਮ ਅਧਿਕਾਰੀਆਂ ਨਾਲ ਸੰਪਰਕ ਕਰਕੇ ਤੁਰੰਤ ਹੀ ਸੁਪਰ ਸੈਕਸ਼ਨ ਮਸ਼ੀਨ ਮੰਗਵਾ ਕੇ ਸੀਵਰੇਜ ਜਾਮ ਦੀ ਸਮੱਸਿਆ ਦਾ ਹੱਲ ਕਰਵਾਇਆ । ਇਸ ਮੌਕੇ ਤੇ ਧੂੰਨਾ ਨੇ ਲੋਕਾਂ ਨੂੰ ਕਿਹਾ ਕਿ ਉਹਨਾਂ ਨੂੰ ਜਿਹੜੀ ਵੀ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਦੇ ਦਫਤਰ 'ਚ ਆ ਕੇ ਨੋਟ ਕਰਵਾਉਣ । ਉਸ ਸਮੱਸਿਆ ਦਾ ਤੁਰੰਤ ਹੱਲ ਕਰਵਾਇਆ ਜਾਵੇਗਾ ।ਇਸ ਮੌਕੇ ਤੇ ਵੱਡੀ ਗਿਣਤੀ 'ਚ ਹਾਜ਼ਰ ਲੋਕਾਂ ਨੇ ਧੂੰਨਾ ਦਾ ਇਸ ਸਮੱਸਿਆ ਨੂੰ ਹੱਲ ਕਰਵਾਉਣ ਲਈ ਧੰਨਵਾਦ ਵੀ ਕੀਤਾ । ਧੂੰਨਾ ਨੇ ਕਿਹਾ ਕਿ ਹਲਕਾ ਵਿਧਾਇਕਾ ਬੀਬੀ ਰਜਿੰਦਰਪਾਲ ਕੌਰ ਛੀਨਾ ਵੱਲੋਂ ਹਲਕਾ ਦੱਖਣੀ ਦੇ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਇੱਕ - ਇੱਕ ਕਰ ਕੇ ਪੂਰਾ ਕੀਤਾ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਪਿੱਛਲੇ 10 - 15 ਸਾਲਾਂ ਤੋਂ ਇਸ ਹਲਕੇ ਦਾ ਬਹੁਤ ਬੁਰਾ ਹਾਲ ਸੀ ਪਰ ਜਦੋਂ ਤੋਂ ਬੀਬੀ ਛੀਨਾ ਵਿਧਾਇਕਾ ਬਣੇ ਹਨ ।ਉਦੋਂ ਤੋਂ ਹੀ ਉਨ੍ਹਾਂ ਵੱਲੋਂ ਹਲਕੇ ਦੀ ਦਸ਼ਾ ਨੂੰ ਸੁਧਾਰਨ ਲਈ ਦਿਨ-ਰਾਤ ਇਕ ਕੀਤਾ ਜਾ ਰਿਹਾ ਹੈ । ਇਸ ਮੌਕੇ ਤੇ ਗੌਰਵ , ਅਵਤਾਰ ਸਿੰਘ , ਰਵੀ ਸਿੰਘ , ਬਾਬਾ ਜੀ , ਮੇਜਰ ਸਿੰਘ ਆਦਿ ਵੀ ਹਾਜ਼ਰ ਸੀ ।

# ਸੀਨੀਅਰ ਪੱਤਰਕਾਰ ਚਰਨਜੀਤ ਸਿੰਘ ਸਲੂਜਾ ਪੰਜ ਤੱਤਾਂ ਚ ਵਿਲੀਨ, ਭੋਗ 21 ਫਰਵਰੀ ਨੂੰ ਵਿਦੇਸ਼ ਤੋਂ ਆਏ ਪੁੱਤਰ ਪ੍ਰਭਜੋਤ ਸਿੰਘ ਨੇ ਦਿੱਤੀ ਮ੍ਰਿਤਕ ਦੇਹ ਨੂੰ ਅਗਨੀ

### ਪਤਨੀ ਗੁਰਵਿੰਦਰ ਕੌਰ ਅਤੇ ਸਲੂਜਾਪਰਿਵਾਰ ਨਾਲ ਵੱਡੀ ਗਿਣਤੀ ਵਿੱਚ ਸ਼ਮਸ਼ਾਨ ਘਾਟ ਪੁੱਜੇ ਲੋਕਾਂ ਨੇ ਕੀਤਾ ਦੁੱਖ ਸਾਂਝਾ



**ਲੁਧਿਆਣਾ/ਵਰਿੰਦਰ ਪ੍ਰਕਾਸ਼ ਭਾਂਬਰੀ ,ਸੁਖਚੈਨ ਮਹਿਰਾ)** ਪਿਛਲੇ ਇੱਕ ਮਹੀਨੇ ਤੋਂ ਜੇਰੇ ਇਲਾਜ ਜੱਗ ਬਾਣੀ/ ਪੰਜਾਬ ਕੇਸਰੀ ਦੇ ਸੀਨੀਅਰ ਪੱਤਰਕਾਰ ਸ੍ਰ ਚਰਨਜੀਤ ਸਿੰਘ ਸਲੂਜਾ, 55 ਦੀ ਸਾਲ ਉਮਰ ਵਿੱਚ ਹੀ 15 ਫਰਵਰੀ ਨੂੰ ਬੇਵਕਤੇ ਹੀ ਪਰਮਾਤਮਾ ਦੇ ਚਰਨਾਂ ਵਿੱਚ ਬਿਰਾਜੇ ਸਨ ਜਿਸ ਕਾਰਨ ਕੇਵਲ ਸਲੂਜਾ ਪਰਿਵਾਰ ਨੂੰ ਹੀ ਨਹੀਂ ਬਲਕਿ ਪੱਤਰਕਾਰ ਭਾਈਚਾਰੇ ਅਤੇ ਉਨ੍ਹਾਂ ਦੇ ਸਕੇ ਸਬੰਧੀਆਂ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਧੋਬੀਘਾਟ ਗੁਰਦੁਆਰਾ ਸਾਹਿਬ ਵਿਖੇ ਕੀਤਾ ਗਿਆ ਜਿੱਥੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਕਨੇਡਾ ਤੋਂ ਆਏ ਉਨ੍ਹਾਂ ਦੇ ਪੁੱਤਰ ਪ੍ਰਭਜੋਤ ਸਿੰਘ ਨੇ ਅਗਨੀ ਦਿੱਤੀ। ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਨਮਿਤ ਰੱਖੇ ਪਾਠ ਦਾ ਭੋਗ 21 ਫਰਵਰੀ ਦਿਨ ਮੰਗਲਵਾਰ ਸਥਾਨ ਗੁਰਦੁਆਰਾ ਸਾਹਿਬਜਾਦਾ ਬਾਬਾ ਜੋਰਾਵਰ ਸਿੰਘ ਗਲੀ ਨੰਬਰ 10 ਦੁਰਗਾਪੁਰੀ ਹੈਬੋਵਾਲ ਕਲ੍ਹਾ ਲੁਧਿਆਣਾ ਵਿਖੇ 1 ਤੋਂ 2 ਵਜੇ ਪਵੇਗਾ। ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੀ ਪਤਨੀ ਗੁਰਵਿੰਦਰ ਕੌਰ, ਪੁੱਤਰ ਪ੍ਰਭਜੋਤ ਸਿੰਘ, ਭਰਾ ਮੇਹਰਬਾਨ ਸਿੰਘ ਸਲੂਜਾ ਤੇ ਜਸਵੀਰ ਸਿੰਘ ਸਲੂਜਾ, ਭਤੀਜੇ ਅਰਸ਼ਦੀਪ ਸਿੰਘ ਸਲੂਜਾ ਅਤੇ ਕਨੇਡਾ ਰਹਿੰਦੇ ਪੁੱਤਰ ਗਗਨਦੀਪ ਸਿੰਘ ਨਾਲ ਸਕੇ ਸਬੰਧੀਆਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਪ੍ਰਮੋਦ ਬਾਤਿਸ, ਗੁਰਿੰਦਰ ਸਿੰਘ, ਗੁਰਦੇਵ ਮੁਲਾਂਪੁਰੀ, ਗੁਰਦੁਆਰਾ ਦੁਖਨਿਵਾਰਨ ਸਾਹਿਬ ਕੰਵਲਪ੍ਰੀਤ ਸਿੰਘ, ਪ੍ਰੀਤਮ ਸਿੰਘ ਭਰੋਵਾਲ, ਬੀਜੇਪੀ ਆਗੂ ਅਮਰਜੀਤ ਸਿੰਘ ਟਿੱਕਾ, ਸੁਰਜੀਤ ਸਿੰਘ ਭਗਤ, ਸਾਬਕਾ ਚੇਅਰਮੈਨ ਕੇ ਕੇ ਬਾਵਾ, ਪੱਤਰਕਾਰ ਗੁਰਪ੍ਰੀਤ ਸਿੰਘ ਮਹਿਦੂਦਾਂ, ਵਰਿੰਦਰ ਸਹਿਗਲ, ਪਰਮਿੰਦਰ ਸਿੰਘ ਆਹੂਜਾ, ਅਸ਼ੋਕ ਪੁਰੀ, ਹਰਪ੍ਰੀਤ ਸਿੰਘ, ਹਰੀਸ਼ ਸਚਦੇਵਾ, ਸੁਰਜੀਤ ਸਿੰਘ ਦੰਗਾ ਪੀੜਤ, ਲੁਧਿਆਣਾ ਫੋਟੋ ਜ਼ਰਨਲਿਸਟ ਦੇ ਪ੍ਰਧਾਨ ਗੁਰਮੀਤ ਸਿੰਘ, ਕੁਲਦੀਪ ਸਿੰਘ ਕਾਲਾ, ਹਿਮਾਂਸ਼ੂ, ਨੀਲ ਕਮਲ ਨੀਲੂ, ਮਨੋਜ ਕੁਮਾਰ, ਦਵਿੰਦਰ ਖੁਰਾਣਾ, ਸੁਰਿੰਦਰ ਸਨੀ, ਜਗਮੀਤ ਭਾਮੀਆਂ, ਅਸ਼ਵਨੀ ਸ਼ਰਮਾ, ਜੁਗਿੰਦਰ ਸਿੰਘ ਜੰਗੀ, ਹਰਮਿੰਦਰ ਰਾਣਾ, ਰਾਜੇਸ਼ ਕੁਮਾਰ, ਕੰਵਲਜੀਤ ਸਿੰਘ ਸ਼ੰਕਰ, ਬਲਵਿੰਦਰ ਸਿੰਘ ਬੋਪਰਾਏਸਰਬਜੀਤ ਸਿੰਘ ਬੱਬੀ ਪਰਮਿੰਦਰ ਸਿੰਘ ਫੁਲਾਂਵਾਲ, ਨਿਰਮਲ ਸਿੰਘ ਬਿੱਲਾ, ਦਲਜੀਤ ਸਿੰਘ ਬਾਗੀ, ਗੁਰਿੰਦਰਪਾਲ ਸਿੰਘ ਪੱਪੂ, ਪ੍ਰਿਤਪਾਲ ਸਿੰਘ ਪਾਲੀ, ਹਰਮਿੰਦਰ ਸਿੰਘ ਗਿਆਸਪੁਰਾ, ਰਾਜਪਾਲ ਸਿੰਘ, ਰਮੇਸ਼ ਜੋਸ਼ੀ, ਚਰਨਜੀਤ ਸਿੰਘ, ਸੁਖਜਿੰਦਰ ਸਿੰਘ ਸੁੱਖੀ, ਹਰਵਿੰਦਰ ਸਿੰਘ ਕਾਲਾ, ਵਿਜੇ ਚਾਇਲ, ਪੀ ਐਸ ਐਮ ਯੂ ਦੇ ਸੂਬਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਹਵਾਸ, ਕੁਲਵਿੰਦਰ ਸਿੰਘ ਸਲੇਮਟਾਬਰੀ, ਜਸਵੀਰ ਸਿੰਘ, ਦੀਪਕ ਬੇਰੀ, ਹਰਜੀਤ ਸਿੰਘ ਖਾਲਸਾ, ਕੰਵਲਜੀਤ ਸਿੰਘ ਡੰਗ, ਕੰਵਲਜੀਤ ਸਿੰਘ ਪਾਲੀ, ਜਸਵਿੰਦਰ ਸਿੰਘ ਚਾਵਲਾ, ਭੁਪਿੰਦਰ ਸਿੰਘ ਬਸਰਾ, ਸੁਸ਼ੀਲ ਗਰੋਵਰ, ਰਾਜੇਸ਼ ਸ਼ਰਮਾ, ਅਤੇ ਵੱਡੀ ਗਿਣਤੀ ਵਿੱਚ ਪੁੱਜੇ ਹੋਰ ਪੱਤਰਕਾਰ ਭਾਈਚਾਰੇ, ਧਾਰਮਿਕ, ਸਮਾਜਿਕ, ਸਿਆਸੀ ਅਤੇ ਮੁਲਾਜਮ ਜਥੇਬੰਦੀਆਂ ਦੇ ਆਗੂਆਂ ਨੇ ਦੁੱਖ ਸਾਂਝਾ ਕੀਤਾ।

# ਡੀਸੀ ਵਲੋਂ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਲਈ ਹੁਨਰ ਵਿਕਾਸ ਕੇਂਦਰ ਦਾ ਉਦਘਾਟਨ

## ਦਿਵਿਆਂਗ ਵਿਅਕਤੀ ਸਮਾਜ ਦਾ ਅਨਿੱਖੜਵਾਂ ਅੰਗ ਹਨ - ਸੁਰਭੀ ਮਲਿਕ



**ਲੁਧਿਆਣਾ/ਸੁਖਚੈਨ ਮਹਿਰਾ ਵਰਿੰਦਰ ਪ੍ਰਕਾਸ਼ ਭਾਂਬਰੀ** ਡਿਪਟੀ ਕਮਿਸ਼ਨਰ ਸੁਰਭੀ ਮਲਿਕ ਵਲੋਂ ਸਥਾਨਕ ਫੇਸ-1 ਦੁੱਗਰੀ ਵਿਖੇ ਸਥਿਤ ਆਸ਼ੀਰਵਾਦ ਇਮਾਰਤ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਲਈ ਹੁਨਰ ਸਿਖਲਾਈ ਕੇਂਦਰ ਸਮਰਪਿਤ ਕੀਤਾ। ਵਰਸੇਟਾਈਲ ਐਂਟਰਪ੍ਰਾਈਜ਼ਿਜ਼ ਵਲੋਂ ਇਸ ਕੇਂਦਰ ਦੀ ਸਥਾਪਨਾ ਸੀ.ਐਸ.ਆਰ. ਪਹਿਲਕਦਮੀ ਤਹਿਤ ਕੀਤੀ ਗਈ ਹੈ। ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਉਦਯੋਗਿਕ ਮਸ਼ੀਨਾਂ ਦੀ ਸਿਖਲਾਈ ਅਤੇ ਉਤਪਾਦਨ, ਸਟਾਕ ਅਤੇ ਬਿਲਿੰਗ ਦੀਆਂ ਮੁੱਢਲੀਆਂ ਜ਼ਰੂਰਤਾਂ ਬਾਰੇ ਸਿਖਲਾਈ ਦੇਣ ਤੋਂ ਬਾਅਦ ਆਰਥਿਕ ਸ਼ਸ਼ਕਤੀਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਉਪਰਾਲੇ ਨੂੰ ਮਾਨਵਤਾ ਦੀ ਸੱਚੀ ਸੇਵਾ ਦੱਸਦਿਆਂ ਡਿਪਟੀ ਕਮਿਸ਼ਨਰ ਨੇ ਸਰੀਰਕ ਤੌਰ 'ਤੇ ਅਪੰਗ ਵਿਅਕਤੀਆਂ ਦੇ ਜੀਵਨ ਨੂੰ ਬਦਲਣ ਦੇ ਉਦੇਸ਼ ਨਾਲ ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਲਈ ਗੈਰ ਸਰਕਾਰੀ ਸੰਗਠਨ ਆਸ਼ੀਰਵਾਦ-ਦ ਨਾਰਥ ਇੰਡੀਆ ਸੇਰੇਬ੍ਰਲ ਪਾਲਸੀ ਐਸੋਸੀਏਸ਼ਨ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕੇਂਦਰ ਇਨ੍ਹਾਂ ਵਿਅਕਤੀਆਂ ਨੂੰ ਸਿੱਖਣ ਦੇ ਨਾਲ-ਨਾਲ ਬਣਾਏ ਉਤਪਾਦਾਂ ਦੀ ਮਾਰਕੀਟਿੰਗ ਕਰਕੇ ਰੋਜੀ-ਰੋਟੀ ਕਮਾਉਣ ਵਿੱਚ ਸਹਾਈ ਸਿੱਧ ਹੋਵੇਗਾ। ਦਿਵਿਆਂਗ ਵਿਅਕਤੀਆਂ ਵਲੋਂ ਬੈਗ, ਵੈਨਿਟੀ ਕਿੱਟਾਂ ਅਤੇ ਘਰੇਲੂ ਫਰਨੀਚਰ ਦੀਆਂ ਬਹੁਤ ਸਾਰੀਆਂ ਚੀਜ਼ਾਂ ਸਮੇਤ ਹੋਰ ਉਤਪਾਦ ਪਹਿਲਾਂ ਹੀ ਤਿਆਰ ਕੀਤੇ ਜਾ ਰਹੇ ਹਨ।

ਡਿਪਟੀ ਕਮਿਸ਼ਨਰ ਮਲਿਕ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰ ਰਿਹਾ ਹੈ ਅਤੇ ਕਿਹਾ ਕਿ ਉਹ ਸਮਾਜ ਦਾ ਅਨਿੱਖੜਵਾਂ ਅੰਗ ਹਨ। ਉਨ੍ਹਾਂ ਕਿਹਾ ਕਿ ਦਿਵਿਆਂਗ ਵਿਅਕਤੀਆਂ ਦੀ ਸਹਾਇਤਾ ਲਈ ਹਰ ਕਦਮ ਚੁੱਕਿਆ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਯੋਗ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਦਿਵਿਆਂਗ ਵਿਅਕਤੀਆਂ ਨੂੰ ਵੀ ਦੂਜਿਆਂ ਵਾਂਗ ਹੀ ਅਧਿਕਾਰ ਪ੍ਰਾਪਤ ਹੁੰਦੇ ਹਨ। ਉਨ੍ਹਾਂ ਲੋਕਾਂ ਨੂੰ ਸੰਵੇਦਨਸ਼ੀਲ ਅਤੇ ਉਨ੍ਹਾਂ ਪ੍ਰਤੀ ਹਮੇਸ਼ਾ ਦਿਆਲੂ ਵਿਹਾਰ ਕਰਨ ਲਈ ਵੀ ਕਿਹਾ। ਇਸ ਤੋਂ ਪਹਿਲਾਂ ਡਾ. ਨੀਲਮ ਸੋਢੀ, ਅਖਿਲ ਸੇਠ ਅਤੇ ਗੀਤਾਂਜਲੀ ਬਖਸ਼ੀ ਨੇ ਕੇਂਦਰ ਦੇ ਕੰਮਕਾਜ ਅਤੇ ਦਿਵਿਆਂਗ ਵਿਅਕਤੀਆਂ ਨੂੰ ਦਿੱਤੀ ਜਾਣ ਵਾਲੀ ਸਿਖਲਾਈ ਦੀਆਂ ਕਿਸਮਾਂ ਬਾਰੇ ਦੱਸਿਆ।

# ਸਤਲੋਕ ਆਸ਼ਰਮ ਧੂਰੀ ਵਿਖੇ ਅਧਿਆਤਮਕ ਪ੍ਰਦਰਸ਼ਨੀ ਦਾ ਨਿਵੇਕਲਾ ਆਯੋਜਨ

ਲੁਧਿਆਣਾ 17 ਫਰਵਰੀ (ਰਾਜੂ ਵਾਲੀਆ,ਸ਼ੰਮੀ ਕੁਮਾਰ)

ਸਥਾਨਕ ਸੰਗਰੂਰ ਧੂਰੀ ਰੋਡ ਤੇ ਸਥਿਤ ਸਤਲੋਕ ਆਸ਼ਰਮ ਧੂਰੀ ਵਿਖੇ ਬੁੱਧਵਾਰ ਤੋਂ ਸੰਤ ਰਾਮਪਾਲ ਜੀ ਮਹਾਰਾਜ ਦੇ ਬੋਧ ਦਿਵਸ ਸਬੰਧੀ ਸਮਾਗਮ ਸ਼ੁਰੂ ਹੋਏ ਜਿਸ ਵਿੱਚ ਆਉਣ ਵਾਲੀਆਂ ਸੰਗਤਾਂ ਲਈ ਇੱਕ ਨਿਵੇਕਲੀ ਅਧਿਆਤਮਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ ਹੈ। ਜਿਸ ਵਿੱਚ ਸਾਰੇ ਧਰਮਾਂ ਦੇ ਪਵਿੱਤਰ ਸਦਗ੍ਰੰਥਾਂ ਦੇ ਹਵਾਲਿਆਂ ਨੂੰ ਸੁੰਦਰ ਚਿੱਤਰਾਂ ਰਾਂਹੀ ਸਰਲ ਤਰੀਕੇ ਨਾਲ ਦਰਸਾਉਂਦੇ ਹੋਏ ਅਧਿਆਤਮਕ ਗਿਆਨ ਦੀ ਵਿਆਖਿਆ ਕੀਤੀ ਗਈ ਹੈ। ਉਕਤ ਹਵਾਲਿਆਂ ਨੂੰ




ਦੇਖਣ ਦੇ ਚਾਹਵਾਨ ਲੋਕਾਂ ਲਈ ਇਸ ਪ੍ਰਦਰਸ਼ਨੀ ਵਿੱਚ ਸਭ ਪਵਿੱਤਰ ਧਰਮ ਗ੍ਰੰਥ ਅਤੇ ਭਿੰਨ ਭਿੰਨ ਮਹਾਂਪੁਰਸ਼ਾਂ ਦੁਆਰਾ ਲਿਖੀਆਂ ਪੁਸਤਕਾਂ ਵੀ ਉਪਲਬਧ ਕਰਵਾਈਆਂ ਗਈਆਂ ਹਨ। ਪ੍ਰਬੰਧਕ ਸੇਵਾਦਾਰਾਂ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਤ ਰਾਮਪਾਲ ਜੀ ਮਹਾਰਾਜ ਸਭ ਧਰਮਾਂ ਦੇ ਪਵਿੱਤਰ ਸਦਗ੍ਰੰਥਾਂ ਦੇ ਅਧਾਰ ਤੇ ਸਤਿ ਗਿਆਨ ਅਤੇ ਭਗਤੀ ਵਿਧੀ ਪ੍ਰਦਾਨ ਕਰਦੇ ਹਨ । ਸੰਤ ਰਾਮਪਾਲ ਜੀ ਮਹਾਰਾਜ ਨੇ ਦੱਸਿਆ ਹੈ ਕਿ ਅੱਜ ਦੇ ਸਮੇਂ ਵਿੱਚ ਸਿੱਖਿਆ ਸਾਡੇ ਲਈ ਵਰਦਾਨ ਬਣ ਰਹੀ ਹੈ ਕਿ ਅਸੀਂ ਆਪਣੇ ਧਰਮ ਗ੍ਰੰਥਾਂ ਵਿੱਚ ਲਿਖੇ ਗਿਆਨ ਨੂੰ ਖੁਦ ਪੜ੍ਹ ਕੇ ਸਹੀ ਅਤੇ ਗਲਤ ਦਾ ਫੈਸਲਾ ਕਰ ਸਕਦੇ ਹਾਂ ਅਤੇ ਸਤਿ ਅਧਿਆਤਮਕ ਗਿਆਨ ਨੂੰ ਇਹ ਪ੍ਰਦਰਸ਼ਨੀ ਪ੍ਰਮਾਣਿਤ ਕਰ ਰਹੀ ਹੈ। ਪ੍ਰਦਰਸ਼ਨੀ ਵਿੱਚ ਭਿੰਨ ਭਿੰਨ ਸਦਗ੍ਰੰਥਾਂ ਦੀਆਂ ਫੋਟੋ ਕਾਪੀਆਂ ਲਗਾ ਕੇ ਉਨ੍ਹਾਂ ਸਦਗ੍ਰੰਥਾਂ ਦੀ ਵਿਆਖਿਆ ਕੀਤੀ ਗਈ ਹੈ। ਦੂਰ ਦੁਰਾਡੇ ਤੋਂ ਸਤਲੋਕ ਆਸ਼ਰਮ ਧੂਈ ਵਿਖੇ ਪਹੁੰਚ ਰਹੇ ਲੋਕਾਂ ਵਿੱਚ ਇਸ ਪ੍ਰਦਰਸ਼ਨੀ ਪ੍ਰਤੀ ਬਹੁਤ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

# ਡਿਪਸ ਸਕੂਲ ਵਿੱਚ ਲੁੱਕ ਏ ਲਾਈਕ ਮੁਕਾਬਲਾ ਕਰਵਾਇਆ ਗਿਆ

**ਜਲੰਧਰ/ਰਾਕੇਸ਼ ਵਰਮਾ**

ਡਿਪਸ ਸਕੂਲ ਮਹਿਤਪੁਰ ਵਿਖੇ ਲੁੱਕ ਏ ਲਾਈਕ ਮੁਕਾਬਲਾ ਕਰਵਾਇਆ ਗਿਆ। ਇਸ ਦੌਰਾਨ ਬੱਚਿਆਂ ਨੂੰ ਪ੍ਰਸਿੱਧ ਲੇਖਕਾਂ ਅਤੇ ਕਵੀਆਂ ਵਾਂਗ ਪਹਿਰਾਵਾ ਪਾ ਕੇ ਸਕੂਲ ਆਉਣ ਲਈ ਕਿਹਾ ਗਿਆ।

ਇਸ ਦੌਰਾਨ ਹਿਤੇਨ ਕੁਮਾਰ ਨੇ ਭਾਰਤੀ ਲੇਖਕ ਮੁਲਕ ਰਾਜ ਆਨੰਦ ਬਾਰੇ ਦੱਸਿਆ। ਉਸਨੇ ਭਾਰਤ ਵਿੱਚ ਅਛੂਤ ਸਮੱਸਿਆ ਦਾ ਵਧੀਆ ਅਤੇ ਠੋਸ ਚਿੱਤਰਣ ਦਿੱਤਾ। ਪ੍ਰਭਜੋਤ ਸਿੰਘ ਅਮਰੀਕੀ ਲੇਖਕ ਜਾਰਜ ਸੈਂਡਰਜ਼ ਦੀ ਪੋਸ਼ਾਕ ਵਿੱਚ ਪਹੁੰਚੇ ਅਤੇ ਖੁਲਾਸਾ ਕੀਤਾ ਕਿ ਉਹ ਬ੍ਰਿਟੇਨ ਦਾ ਮੈਨ ਬੁੱਕ ਅਵਾਰਡ ਜਿੱਤਣ ਵਾਲੇ ਦੂਜੇ ਅਮਰੀਕੀ ਲੇਖਕ ਹਨ। ਇਸ ਤੋਂ ਇਲਾਵਾ ਜਸਲੀਨ ਕੌਰ ਨੇ ਪ੍ਰਤਿਭਾ ਰਾਏ, ਸਿਧਕਜੋਤ ਕੌਰ, ਸੁਧਾ ਮੂਰਤੀ, ਗੁਰਨੂਰ ਸਿੰਘ, ਵਿਲੀਅਮ ਵਰਡਸਵਰਥ, ਪ੍ਰਣਵ ਗਰੋਵਰ, ਰਸਕਿਨ ਬੰਧ, ਅਕਸ਼ਿਤ ਮਿਗਲਾਨੀ ਨੇਆਰ ਕੇ




ਨਰਾਇਣ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਉਨ੍ਹਾਂ ਵੱਲੋਂ ਲਿਖੀਆਂ ਕਹਾਣੀਆਂ ਕਵਿਤਾਵਾਂ ਪੇਸ਼ ਕੀਤੀਆਂ।

ਪਿ ?ਸੀਪਲ ਰਿਤੂ ਭੰਡਾਰੀ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਕਿਹਾ ਕਿ ਸਾਰੇ ਵਿਦਿਆਰਥੀਆਂ ਨੇ ਵਿਸ਼ਵ ਪ੍ਰਸਿੱਧ ਕਵੀਆਂ ਅਤੇ ਲੇਖਕਾਂ ਨੂੰ ਬਹੁਤ ਹੀ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ, ਇਸ ਗਤੀਵਿਧੀ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸਾਡੇ ਮਹਾਨ ਸਾਹਿਤ ਨਾਲ ਜੁੜੇ ਕਵੀਆਂ ਅਤੇ ਲੇਖਕਾਂ ਤੋਂ ਜਾਣੂ ਕਰਵਾਉਣਾ ਹੈ। ਅਜਿਹੀਆਂ ਗਤੀਵਿਧੀਆਂ ਰਾਹੀਂ ਬੱਚਿਆਂ ਵਿੱਚ ਲਿਖਣ ਦੀ ਰੁਚੀ ਅਤੇ ਜਨਤਕ ਤੌਰ 'ਤੇ ਬੋਲਣ ਦਾ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ, ਜੋ ਉਨ੍ਹਾਂ ਲਈ ਬਹੁਤ ਜ਼ਰੂਰੀ ਹੈ।

# 24 ਨੂੰ ਗੁਰੂ ਰਵਿਦਾਸ ਜਯੰਤੀ ਮੌਕੇ ਦੋ ਰੋਜ਼ਾ ਕਬੱਡੀ ਟੂਰਨਾਮੈਂਟ ਅਤੇ ਖੂਨਦਾਨ ਕੈਂਪ

**ਕਾਲਾਂਵਾਲੀ/ਪਵਨ ਸ਼ਰਮਾ**

ਇਲਾਕੇ ਦੇ ਪਿੰਡ ਝੋਰੜ ਰੋਹੀ ਵਿਖੇ ਗੁਰੂ ਰਵਿਦਾਸ ਸਭਾ ਅਤੇ ਬਾਬਾ ਰਾਮਦੇਵ ਮੰਦਰ ਸੇਵਾ ਸੰਮਤੀ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ 24 ਅਤੇ 25 ਫਰਵਰੀ ਦਿਨ ਸ਼ੁੱਕਰਵਾਰ, ਸ਼ਨੀਵਾਰ ਨੂੰ ਸੰਤ ਸ਼੍ਰੋਮਣੀ ਦੇ 646ਵੇਂ ਗੁਰਪੁਰਬ ਮੌਕੇ ਦੋ ਰੋਜ਼ਾ ਸਮਾਗਮ ਜਗਤ ਗੁਰੂ ਰਵਿਦਾਸ ਜੈਅੰਤੀ।13ਵਾਂ ਕਬੱਡੀ ਟੂਰਨਾਮੈਂਟ ਕਰਵਾਇਆ ਜਾਵੇਗਾ। ਇਸ ਦੇ ਨਾਲ ਹੀ 24 ਫਰਵਰੀ ਨੂੰ ਸਵੇਰੇ 9.15 ਤੋਂ 11 ਵਜੇ ਤੱਕ ਮੰਦਰ ਵਿਖੇ 12 ਵਜੇ ਕੀਰਤਨ ਵਾਣੀ ਗੁਰੂ ਰਵਿਦਾਸ ਜੀ ਅਤੇ ਖੂਨਦਾਨ ਕੈਂਪ ਲਗਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਹਰਮੰਦਰ ਸਿੰਘ ਮਰਾੜ ਅਤੇ ਉਪ ਪ੍ਰਧਾਨ ਸੁਖਪਾਲ ਸਿੰਘ , ਤੇਜਾ ਸਿੰਘ ਫੌਜੀ, ਨਛੱਤਰ ਸਿੰਘ ਨੇ ਦੱਸਿਆ ਕਿ ਇਲਾਕੇ ਅੰਦਰ ਨੌਜਵਾਨਾਂ ਦੀ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਰੁਚੀ ਵਧਾਉਣ ਦੇ ਮੰਤਵ ਨਾਲ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਹਰਿਆਣਾ ਪੰਜਾਬ ਦੀਆਂ ਕਈ ਟੀਮਾਂ ਭਾਗ ਲੈਣਗੀਆਂ। ਓਪਨ ਕਬੱਡੀ ਵਿੱਚ ਜੇਤੂ ਟੀਮ ਨੂੰ ਪਹਿਲਾ ਇਨਾਮ 25000 ਰੁਪਏ ਅਤੇ ਕੱਪ, ਦੂਜਾ ਇਨਾਮ 18000 ਰੁਪਏ ਅਤੇ ਕੱਪ ਇਨਾਮ ਵਜੋਂ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 65 ਕਿਲੋ ਭਾਰ ਵਰਗ ਵਿੱਚ ਜੇਤੂ ਟੀਮਾਂ ਨੂੰ ਕ੍ਰਮਵਾਰ 7000-5000 ਰੁਪਏ ਅਤੇ 53 ਵਿੱਚ ਜੇਤੂ ਟੀਮਾਂ ਨੂੰ 6000-4000 ਰੁਪਏ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ, ਜਦਕਿ 35 ਵਿੱਚ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਜਾਣਗੇ। ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।ਇਸ ਨੂੰ ਸਫਲ ਬਣਾਉਣ ਲਈ ਪ੍ਰਬੰਧਕਾਂ ਦਾ ਇਕੱਠ ਹੋਇਆ ਹੈ।

# ਵੇਦਾਂ ਦੇ ਮਾਰਗ 'ਤੇ ਚੱਲ ਕੇ ਹੀ ਬਚੇਗਾ ਰਾਸ਼ਟਰ : ਡਾ: ਪੁਨੀਤ ਅਚਾਰੀਆ

**ਚੰਡੀਗੜ੍ਹ/ਵਿਨੋਦ ਸ਼ਰਮਾ**

ਕੇਂਦਰੀ ਆਰੀਆ ਸਭਾ ਚੰਡੀਗੜ੍ਹ, ਪੰਚਕੂਲਾ ਅਤੇ ਮੋਹਾਲੀ ਵੱਲੋਂ ਆਰੀਆ ਸਮਾਜ ਸੈਕਟਰ 7ਬੀ ਚੰਡੀਗੜ੍ਹ ਵਿਖੇ ਕਰਵਾਏ ਗਏ ਮਹਾਰਿਸ਼ੀ ਦਯਾਨੰਦ ਜਨਮ ਉਤਸਵ ਦੌਰਾਨ ਡਾ: ਪੁਨੀਤ ਅਚਾਰੀਆ ਨੇ ਕਿਹਾ ਕਿ ਜੇਕਰ ਘਰੇਲੂ ਜੀਵਨ ਵਿਚ ਵੈਦਿਕ ਉਪਾਅ ਅਪਣਾਏ ਜਾਣ ਤਾਂ ਗ੍ਰਹਿਸਥੀ ਜੀਵਨ ਸਹੀ ਢੰਗ ਨਾਲ ਚੱਲੇਗਾ, ਵਿਆਹ ਦੀਆਂ ਰਸਮਾਂ ਵਿੱਚ ਪਤੀ-ਪਤਨੀ ਵਿਚਕਾਰ ਸਤਿਕਾਰ, ਸਹਿਯੋਗ ਅਤੇ ਸਮਰਪਣ ਦੀ ਭਾਵਨਾ ਨੂੰ ਦੱਸਿਆ ਗਿਆ ਹੈ। ਇਨ੍ਹਾਂ ਤਿੰਨਾਂ ਦਾ ਹੋਣਾ ਲਾਜ਼ਮੀ ਹੈ, ਤਾਂ ਹੀ ਸੁਖੀ ਜੀਵਨ ਦੀ ਕਲਪਨਾ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਣ 'ਤੇ ਜ਼ਿੰਦਗੀ 'ਚ ਕੁੜੱਤਣ ਆ ਜਾਂਦੀ ਹੈ। ਡਾ: ਪੁਨੀਤ ਅਚਾਰੀਆ ਨੇ ਕਿਹਾ ਕਿ ਰਾਸ਼ਟਰ ਨਿਰਮਾਣ ਵਿੱਚ ਜ਼ਮੀਨ,



ਲੋਕ ਅਤੇ ਸੱਭਿਆਚਾਰ ਅਹਿਮ ਭੂਮਿਕਾ ਨਿਭਾਉਂਦੇ ਹਨ। ਧਰਤੀ ਅਤੇ ਲੋਕਾਂ ਦੀ ਰਾਖੀ ਰਾਜਿਆਂ ਅਤੇ ਫ਼ੌਜਾਂ ਦੁਆਰਾ ਕੀਤੀ ਜਾਂਦੀ ਹੈ ਜਦੋਂ ਕਿ ਸੱਭਿਆਚਾਰ ਦੀ ਰੱਖਿਆ ਕੇਵਲ ਵਿਦਵਾਨ ਅਤੇ ਧਰਮੀ ਲੋਕ ਹੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਸਾਡਾ ਸਾਂਝਾ ਉਪਰਾਲਾ ਹੋਣਾ ਚਾਹੀਦਾ ਹੈ। ਭਾਰਤੀ ਸੰਸਕ੍ਰਿਤੀ ਦੀ ਪੂਰੀ ਦੁਨੀਆ ਵਿੱਚ ਪ੍ਰਸ਼ੰਸਾ ਕੀਤੀ ਜਾਂਦੀ ਹੈ। ਇਸ ਦੀ ਆਪਣੀ ਵਿਲੱਖਣ ਪਛਾਣ ਹੈ। ਇਹ ਸੱਭਿਆਚਾਰ ਵੈਦਿਕ ਹੈ। ਇਸ 'ਤੇ ਅਮਲ ਕਰਕੇ ਕੌਮ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮਿਹਨਤ ਤੋਂ ਬਿਨਾਂ ਵਿਅਕਤੀ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਨਹੀਂ ਪਾ ਸਕਦਾ। ਇਸੇ ਕਰਕੇ ਸੱਭਿਆਚਾਰ ਵਿੱਚ ਕਰਮ ਦੀ ਪ੍ਰਮੁੱਖਤਾ ਦਿਖਾਈ ਦਿੰਦੀ ਹੈ। ਵੇਦਾਂ ਅਤੇ ਗੀਤਾ ਵਿੱਚ ਕੰਮ ਕਰਦੇ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਪ੍ਰੋਗਰਾਮ ਦੌਰਾਨ ਟ ?ਰਾਈਸਿਟੀ ਦੇ ਆਰੀਆ ਸਮਾਜ ਅਤੇ ਆਰੀਆ ਸਿੱਖਿਆ ਸੰਸਥਾਵਾਂ ਦੇ ਪਤਵੰਤੇ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਅਚਨਚੇਤ ਦੌਰਾ

## ਜੇਲ੍ਹ ਦੀਆਂ ਬੈਰਕਾਂ, ਮੈੱਸ, ਜੇਲ੍ਹ ਦੇ ਹਸਪਤਾਲ, ਫੈਕਟਰੀ ਸ਼ਾਖਾ, ਲਾਇਬਰੇਰੀ, ਸਿਲਾਈ-ਕਢਾਈ ਸੈਂਟਰ ਦਾ ਕੀਤਾ ਨਿਰੀਖਣ

**ਗੁਰਦਾਸਪੁਰ/ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਜੇਲ੍ਹ ਦੀਆਂ ਸਾਰੀਆਂ ਬੈਰਕਾਂ, ਮੈੱਸ, ਲੰਗਰ, ਜੇਲ੍ਹ ਦੇ ਹਸਪਤਾਲ, ਜੇਲ੍ਹ ਦੀ ਫੈਕਟਰੀ ਸ਼ਾਖਾ ਦਾ ਨਿਰੀਖਣ ਕਰਨ ਤੋਂ ਇਲਾਵਾ ਜ਼ਿਲ੍ਹਾ ਬਾਲ ਭਲਾਈ ਕੌਂਸਲ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਵਿੱਚ ਬੱਚਿਆਂ ਲਈ ਸਥਾਪਤ ਕੀਤੀ ਲਾਇਬ੍ਰੇਰੀ, ਜੇਲ੍ਹ ਵਿੱਚ ਬੰਦ ਔਰਤਾਂ ਦੇ ਨਾਲ ਰਹਿ ਰਹੇ ਛੋਟੇ ਬੱਚਿਆਂ ਦੀ ਪੜ੍ਹਾਈ ਲਈ ਚਲਾਏ ਜਾ ਰਹੇ ਸਕੂਲ ਅਤੇ ਜੇਲ੍ਹ ਵਿੱਚ ਔਰਤਾਂ ਲਈ ਚਲਾਏ ਜਾ ਰਹੇ ਸਿਲਾਈ-ਕਢਾਈ ਤੇ ਬਿਊਟੀ ਪਾਰਲਰ ਸੈਂਟਰ ਦਾ ਜਾਇਜਾ ਵੀ ਲਿਆ ਗਿਆ। ਇਸ ਮੌਕੇ ਉਨ੍ਹਾਂ ਨੇ ਜੇਲ੍ਹ ਵਿੱਚ ਬੰਦ ਕੈਦੀਆਂ ਅਤੇ ਹਵਾਲਾਤੀਆਂ ਨਾਲ ਗੱਲ-ਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜੇਲ੍ਹ ਪ੍ਰਬੰਧਕਾਂ ਨੂੰ ਕਿਹਾ ਕਿ ਜੇਲ੍ਹ ਪ੍ਰਬੰਧਾਂ ਲਈ ਉਨ੍ਹਾਂ ਦੀਆਂ ਜੋ ਵੀ ਲੋੜਾਂ ਹਨ ਉਸ ਸਬੰਧੀ ਡਿਮਾਂਡ ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਭੇਜੀ ਜਾਵੇ ਤਾਂ ਜੋ ਉਨ੍ਹਾਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇਲ੍ਹ ਦੀ ਲਾਇਬਰੇਰੀ ਨੂੰ ਜੇਕਰ ਹੋਰ ਕਿਤਾਬਾਂ ਦੀ ਲੋੜ ਹੋਵੇ ਤਾਂ ਇਸ ਸਬੰਧੀ ਵੀ ਡਿਮਾਂਡ ਭੇਜੀ ਜਾਵੇ। ਇਸ ਮੌਕੇ ਉਨ੍ਹਾਂ ਨੇ ਜੇਲ੍ਹ ਵਿੱਚ ਚੱਲ ਰਹੇ ਸਿਲਾਈ-ਕਢਾਈ ਦਾ ਸੈਂਟਰ ਦਾ ਜਾਇਜਾ ਲਿਆ ਅਤੇ ਓਥੇ ਔਰਤਾਂ ਵੱਲੋਂ ਤਿਆਰ ਕੀਤੇ ਜਾ ਰਹੇ ਸਮਾਨ ਨੂੰ ਦੇਖਿਆ। ਇਸ ਮੌਕੇ ਕੇਂਦਰੀ ਜੇਲ੍ਹ ਗੁਰਦਾਸਪੁਰ ਦੇ ਕਾਰਜਕਾਰੀ ਸੁਪਰਡੈਂਟ ਸ. ਨਵਇੰਦਰ ਸਿੰਘ, ਡਿਪਟੀ ਸੁਪਰਡੈਂਟ ਸ. ਹਰਪ੍ਰੀਤ ਸਿੰਘ, ਸਮੂਹ ਸਹਾਇਕ ਸੁਪਰਡੈਂਟ ਅਤੇ ਮੈਡੀਕਲ ਅਫ਼ਸਰ ਵੀ ਹਾਜ਼ਰ ਸਨ।




# ਅਗਨਵੀਰ ਭਰਤੀ ਲਈ 16 ਫਰਵਰੀ ਤੋਂ 25 ਮਾਰਚ 2023 ਤੱਕ ਕੀਤਾ ਜਾ ਸਕਦਾ ਹੈ ਅਪਲਾਈ

## ਸੀ-ਪਾਈਟ ਡੇਰਾ ਬਾਬਾ ਨਾਨਕ ਵੱਲੋਂ ਭਰਤੀ ਹੋਣ ਦੇ ਚਾਹਵਾਨ ਯੋਗ ਨੌਜਵਾਨਾਂ ਨੂੰ ਦਿੱਤੀ ਜਾਵੇਗੀ ਸਿਖਲਾਈ

**ਗੁਰਦਾਸਪੁਰ/ਨਵਨੀਤ ਕੁਮਾਰ**

ਸਰਕਾਰ ਵਲੋਂ ਨੌਜਵਾਨਾਂ ਲਈ ਭਾਰਤੀ ਫ਼ੌਜ ਵਿੱਚ ਵੱਖ-ਵੱਖ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਚਾਹਵਾਨ ਨੌਜਵਾਨ ਜੋ ਕਿ ਆਰਮੀ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਅਗਨੀਪਥ ਸਕੀਮ ਤਹਿਤ ਅਗਨੀਵੀਰ ਦੀ ਭਰਤੀ ਲਈ www.joinindianarmy.nic.in ਵੈਬਸਾਈਟ 'ਤੇ ਜਾ ਕੇ ਆਪਣੇ ਆਪ ਨੂੰ ਰਜਿਸਟਰਡ ਕਰ ਸਕਦੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਜ਼ਿਲ੍ਹਾ ਰੋਜ਼ਗਾਰ ਉੱਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਸ਼ ?ਰੀ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਆਰਮੀ ਵਿੱਚ ਭਰਤੀ ਹੋਣ ਲਈ ਰਜਿਸਟ ?ਰੇਸ਼ਨ ਕਰਨ ਦੀ ਮਿਤੀ 16 ਫਰਵਰੀ 2023 ਤੋਂ ਲੈ ਕੇ 15 ਮਾਰਚ 2023 ਤੱਕ ਹੈ ਅਤੇ ਅਗਨੀਵੀਰ ਦੀ ਰੀਕਰਿਊਟਮੈਂਟ ਲਈ 2 ਫੇਸ ਹਨ। ਉਨ੍ਹਾਂ ਦੱਸਿਆ ਕਿ ਪਹਿਲੇ ਫੇਸ ਵਿੱਚ ਭਰਤੀ ਲਈ ਆਨ ਲਾਈਨ ਕੰਪਿਊਟਰ ਬੇਸਡ ਪ੍ਰੀਖਿਆ ਜੋ ਕਿ 17 ਮਾਰਚ 2023 ਨੂੰ ਲਈ ਜਾਵੇਗੀ ਅਤੇ ਦੂਜੇ ਫੇਸ ਵਿੱਚ ਫਿਜੀਕਲ ਟੈਸਟ (ਰਿਕਰਿਊਟਮੈਂਟ ਰੈਲੀ) ਹੋਵੇਗਾ। ਉਹਨਾਂ ਨੇ ਅੱਗੇ ਦੱਸਿਆ ਕਿ ਅਗਨੀਵੀਰ ਦੀ ਭਰਤੀ ਲਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵੱਲੋਂ ਮੁਫ਼ਤ ਟ ?ਰੇਨਿੰਗ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਉਹ ਨੌਜਵਾਨ ਜੋ ਕਿ ਆਉਣ ਵਾਲੇ ਸਮੇਂ ਵਿੱਚ ਫੌਜ/ਪੈਰਾਮਿਲੀਟਰੀ ਫੋਰਸਿਸ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਟ ?ਰੇਨਿੰਗ ਲੈਣ ਲਈ ਸਕਰੀਨਿੰਗ ਟੈਸਟ ਵਾਸਤੇ ਨਵਜੋਧ ਸਿੰਘ ਕੈਂਪ ਇੰਚਾਰਜ ਸੀ-ਪਾਈਟ ਡੇਰਾ ਬਾਬਾ ਨਾਨਕ ਨਾਲ ਸਪੰਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੋ ਉਮੀਦਵਾਰ ਆਰਮੀ ਵਿੱਚ ਜੀ.ਡੀ. ਭਰਤੀ ਦੇਖਣਾ ਚਾਹੁੰਦੇ ਹਨ, ਉਹਨਾਂ ਦੀ ਉਮਰ 17.5 ਸਾਲ ਤੋਂ ਲੈ ਕੇ 21 ਸਾਲ ਦੇ ਦਰਮਿਆਨ ਹੋਣੀ ਚਾਹੀਦੀ ਹੈ। ਕੱਦ 170 ਸੈਂਟੀਮੀਟਰ, ਛਾਤੀ 77 ਤੋਂ 82 ਸੈਂਟੀਮੀਟਰ ਹੋਣੀ ਚਾਹੀਦੀ ਹੈ। ਵਿਦਿਅਕ ਯੋਗਤਾ ਜੋ ਕਿ ਵੱਖ-ਵੱਖ ਅਸਾਮੀਆਂ ਲਈ ਵੱਖ-ਵੱਖ ਦਰਸਾਈਆਂ ਗਈਆਂ ਹਨ, ਜਿਵੇਂ ਕਿ ਅਗਨੀਵੀਰ (ਟੈਕਨੀਕਲ) ਲਈ ਬਾਰਵੀ 50 ਫੀਸਦੀ ਨੰਬਰਾਂ ਨਾਲ ਅਤੇ ਅਗਨੀਵੀਰ (ਜਨਰਲ) ਲਈ 10ਵੀਂ 45 ਫੀਸਦੀ ਨੰਬਰਾਂ ਨਾਲ ਪਾਸ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਟ ?ਰੇਨਿੰਗ ਕੇਵਲ ਉਸ ਨੂੰ ਹੀ ਦਿੱਤੀ ਜਾਵੇਗੀ ਜੋ ਭਰਤੀ ਲਈ ਲੋੜੀਦੀਆਂ ਯੋਗਤਾ ਅਤੇ ਸਰੀਰਿਕ ਯੋਗਤਾਵਾਂ ਨੂੰ ਪੂਰੀਆਂ ਕਰਦਾ ਹੋਵੇਗਾ। ਟਰੇਨਿੰਗ ਦੌਰਾਨ ਸਿਖਿਆਰਥੀ ਨੂੰ ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ ਅਤੇ ਟਰੇਨਿੰਗ ਲਈ ਕੋਈ ਵੀ ਫੀਸ ਚਾਰਜ ਨਹੀਂ ਕੀਤੀ ਜਾਵੇਗੀ। ਇਸ ਟ ?ਰੇਨਿੰਗ ਲਈ ਸੀਮਿਤ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਨਵਜੋਧ ਸਿੰਘ ਕੈਂਪ ਇੰਚਾਰਜ ਸੀ-ਪਾਈਟ ਡੇਰਾ ਬਾਬਾ ਨਾਨਕ ਨਾਲ ਉਹਨਾਂ ਦੇ ਮੋਬਾਇਲ ਨੰਬਰ 97818-91928 ਸਪੰਰਕ ਕੀਤਾ ਜਾ ਸਕਦਾ ਹੈ।



# ਕੁਦਰਤ , ਵਾਤਾਵਰਣ ਤੇ ਪੰਛੀਆਂ ਪ੍ਰਤੀ ਸਮਰਪਿਤ ਮੇਰੇ ਪਿਆਰੇ ਸਕੂਲ ਦੇ ਪਿਆਰੇ ਵਿਦਿਆਰਥੀ








**ਸ਼ਾਇਦ** ਕੁਝ ਵਿਦਿਆਰਥੀ ਜਨਮ ਤੋਂ ਹੀ ਹੋਣਹਾਰ ਹੁੰਦੇ ਹਨ। ਉਹ ਕੋਈ ਨਵਾਂ - ਨਰੋਆ ਤੇ ਚੰਗਾ ਕੰਮ ਕਰਨ ਲਈ ਕੇਵਲ ਤੇ ਕੇਵਲ ਆਪਣੇ ਅਧਿਆਪਕ ਦੇ ਹੁਕਮਾਂ ਦੀ ਹੀ ਉਡੀਕ ਨਹੀਂ ਕਰਦੇ ; ਸਗੋਂ ਆਪਣੇ ਅਧਿਆਪਕ ਵਲੋਂ ਸਮਝਾਈ ਹੋਈ ਗੱਲ ਨੂੰ ਸਮਝ ਕੇ ਉਸ 'ਤੇ ਚੁੱਪਚਾਪ ਅਮਲ ਹੀ ਕਰ ਦਿੰਦੇ ਹਨ। ਪਿਛਲੇ ਮਹੀਨੇ ਸਾਡੇ ਸਕੂਲ ਦੇ ਕਈ ਵਿਦਿਆਰਥੀ ਪੰਛੀਆਂ ਨੂੰ ਪਾਣੀ ਪਿਲਾਉਣ ਲਈ ਆਪਣੇ - ਆਪ ਆਪਣੇ ਘਰਾਂ ਤੋਂ ਮਿੱਟੀ ਦੇ ਕਈ ਬਰਤਨ ਲੈ ਆਏ। ਜਦੋਂ ਮੈਂ ਪੁੱਛਿਆ ਤਾਂ ਇਨ੍ਹਾਂ ਬੱਚਿਆਂ ਦਾ ਜਵਾਬ ਸੀ ਕਿ ਸਰ ! ਤੁਸੀਂ ਹੀ ਤਾਂ ਪੰਛੀਆਂ ਦੀ ਸੇਵਾ ਕਰਨ ਦੀ ਗੱਲ ਸਾਨੂੰ ਸਮਝਾਈ ਸੀ। ਮੈਂ ਇਹ ਦੇਖ ਕੇ ਉਦੋਂ ਬਹੁਤ ਹੈਰਾਨ ਹੋਇਆ ਸੀ। ਇਹਨਾਂ ਵਿੱਚੋਂ ਸਾਡੇ ਸਕੂਲ ਦੀਆਂ ਕਈ ਵਿਦਿਆਰਥਣਾਂ ਅਜਿਹੀਆਂ ਹਨ , ਜੋ ਹਰ ਰੋਜ਼ ਦੁਪਹਿਰ ਦਾ ਭੋਜਨ ਖਾਣ ਤੋਂ ਪਹਿਲਾਂ ਪੰਛੀਆਂ ਲਈ ਰੱਖੇ ਹੋਏ ਮਿੱਟੀ ਦੇ ਬਰਤਨਾਂ ਵਿੱਚ ਤਾਜ਼ਾ ਪਾਣੀ ਪਾਉਂਦੀਆਂ ਹਨ। ਪਿਛਲੇ ਕਈ ਦਿਨਾਂ ਤੋਂ ਲਗਾਤਾਰ ਇਨ੍ਹਾਂ ਪਿਆਰੀਆਂ ਵਿਦਿਆਰਥਣਾਂ ਦਾ ਕੁਦਰਤ , ਵਾਤਾਵਰਣ ਅਤੇ ਪੰਛੀਆਂ ਪ੍ਰਤੀ ਅਜਿਹਾ ਲਗਾਓ , ਵਿਵਹਾਰ ਤੇ ਸਮਰਪਣ - ਭਾਵ ਦੇਖ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ ਤੇ ਸੋਚਾਂ ਵਿੱਚ ਵੀ ਪੈ ਗਿਆ ਕਿ ਇਹ ਨਿੱਕੀਆਂ - ਪਿਆਰੀਆਂ ਬੱਚੀਆਂ ਅੱਜ ਦੇ ਮਨੁੱਖ ਨੂੰ ਤੇ ਸਮਾਜ ਨੂੰ ਕੁਦਰਤ ਪ੍ਰਤੀ ਲਗਾਓ ਤੇ ਸਮਰਪਣ ਦਾ ਕਿੰਨਾ ਵਧੀਆ ਸੰਦੇਸ਼ ਦੇ ਰਹੀਆਂ ਹਨ। ਮੈਂ ਸੋਚਦਾ ਹਾਂ ਕਿ ਅਜਿਹੇ ਬੱਚਿਆਂ ਦਾ ਅਧਿਆਪਕ ਹੋਣਾ ਵੀ ਮੇਰੇ ਲਈ ਬਹੁਤ ਮਾਣ ਵਾਲ਼ੀ ਗੱਲ ਹੈ।

**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ,**
**ਸੈਂਟਰ ਢੇਰ , ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ ,**
**ਜ਼ਿਲ੍ਹਾ ਰੂਪਨਗਰ ( ਪੰਜਾਬ )**
**ਲੇਖਕ ਦਾ ਨਾਂ ਸਾਹਿਤ ਦੇ ਖੇਤਰ ਲਈ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਹੈ।**

# ਸਰਕਾਰੀ ਸੀਨੀ ਸੈਕੰ ਸਕੂਲ ਮਗਰਮੂਦੀਆਂ ,'ਚ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ

## ਹਲਕਾ ਇੰਚਾਰਜ ਸ਼ਮਸੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ



**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਗਰਾਮੂਦੀਆਂ ਵਿਖੇ ਅੱਜ ਸਲਾਨਾ ਇਨਾਮ ਵੰਡ ਸਮਾਗਮ ਪ੍ਰਿੰਸੀਪਲ ਸ਼ਫੀ ਕੁਮਾਰ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ, ਇਸ ਸਮਾਗਮ ਵਿਚ ਆਮ ਆਦਮੀ ਪਾਰਟੀ ਦੇ ਦੀਨਾਨਗਰ ਤੋਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ, ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਪ੍ਰੋਗਰਾਮ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਸ਼ਫੀ ਕੁਮਾਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ, ਇਸ ਮੌਕੇ ਤੇ ਆਪਣੇ ਸੰਬੋਧਨ ਵਿੱਚ ਹਲਕਾ ਇੰਚਾਰਜ ਸ਼ਮਸੇਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਅਗਵਾਈ ਕਰ ਰਹੀ ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਦਾ ਮੁੱਖ ਟੀਚਾ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦਾ ਹੈ ਤੁਹਾਨੂੰ ਆਉਣ ਵਾਲੇ ਸਮੇਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਵੱਡੇ ਪੱਧਰ ਤੇ ਬਦਲਾਵ ਵੇਖਣ ਨੂੰ ਮਿਲਣਗੇ, ਅਤੇ ਸਰਕਾਰੀ ਸਕੂਲ ਦੇ ਬੱਚੇ ਸਿੱਖਿਆ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰਨਗੇ। ਇਸ ਮੌਕੇ ਤੇ ਸਕੂਲ ਦੇ ਸਮੂਹ ਸਟਾਫ ਤੋਂ ਇਲਾਵਾ ਆਮ ਆਦਮੀ ਪਾਰਟੀ ਤੋ ਐੱਸ.ਪੀ.ਸਿੰਘ, ਸੁਲੱਖਣ ਸਿੰਘ, ਸਿਮਰਨ ਸੇਖਾ, ਬਲਬੀਰ ਸੇਖਾ, ਸੋਨੂੰ ਪਹਾੜੀਪੁਰ, ਜਰਨੈਲ ਸਿੰਘ, ਦਵਿੰਦਰ ਸਿੰਘ, ਸੋਨੂੰ ਜੌਗਰ ਆਦਿ ਹਾਜ਼ਰ ਸਨ ।

# ਐਸ ਐਮ ਓ ਡਾ ਬਰਜੀਸ਼ ਵੱਲੋਂ ਪੀ ਐਸ ਸੀ ਬਹਿਰਾਮਪੁਰ ਦਾ ਚਾਰਜ ਸੰਭਾਲਿਆ



**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਐਸ ਐਮ ਓ ਡਾ ਬਰਜੀਸ਼ ਵੱਲੋਂ ਅੱਜ ਪੀ ਐਚ ਸੀ ਬਹਿਰਾਮਪੁਰ ਵਿੱਖੇ ਪਹੁੰਚ ਕੇ ਐਸ ਐਮ ਓ ਦਾ ਚਾਰਜ ਸੰਭਾਲ ਲਿਆ ਹੈ । ਇਸ ਸਮੇਂ ਮੈਡੀਕਲ ਅਫਸਰ ਡਾ ਜੋਤਪਾਲ ਸਿੰਘ, ਡਾ ਗੁਰਪ੍ਰੀਤ ਸਿੰਘ ,ਰਿਪਨ ਕੁਮਾਰ ਸੀਨੀਅਰ ਸਹਾਇਕ ,ਵੀਨਾ ਕੁਮਾਰੀ ਐਮ ਐਲ ਟੀ,ਰਸ਼ਪਾਲ ਸਿੰਘ ਐਮ ਐਲ ਟੀ ਅਤੇ ਪਾਇਲਟ ਸੁਲਿੰਦਰ ਪਾਲ ਆਦਿ ਵੱਲੋਂ ਐਸ ਐਮ ਓ ਡਾ ਬਰਜੀਸ਼ ਨੂੰ ਪੀ ਐਚ ਸੀ ਬਹਿਰਾਮਪੁਰ ਦਾ ਚਾਰਜ ਸੰਭਾਲਣ ਤੇ ਫੁੱਲਾਂ ਦੇ ਗੁਲਦਸਤੇ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ । ਇਸ ਸਮੇਂ ਐਸ ਐਮ ਓ ਸਾਹਿਬ ਵੱਲੋਂ ਸਮੂਹ ਮੈਡੀਕਲ ਅਫਸਰਾਂ ਅਤੇ ਮੈਡੀਕਲ ਸਟਾਫ ਦਾ ਸਵਾਗਤ ਕਰਨ ਤੇ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਣਗੇ । ਇਸ ਸਮੇਂ ਸਮੂਹ ਸਟਾਫ ਵੱਲੋਂ ਐਸ ਐਮ ਓ ਸਾਹਿਬ ਨੂੰ ਭਰੋਸਾ ਦਿਵਾਇਆ ਕਿ ਉਹ ਪਹਿਲਾ ਦੀ ਤਰ੍ਹਾ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਂਣਗੇ । ਇਸ ਸਮੇਂ ਐਸ ਐਮ ਓ ਡਾ ਬਰਜੀਸ਼ ਵੱਲੋਂ ਕਿਹਾ ਕਿ ਪੀ ਐਚ ਸੀ ਬਹਿਰਾਮਪੁਰ ਅਧੀਂਨ ਆਉਂਦੇ ਸਮੂਹ ਸਿਹਤ ਕੇਂਦਰਾਂ ਦੇ ਮੁਲਾਜ਼ਮ ਆਪਣੀ ਡਿਊਟੀ ਤੇ ਸਮੇਂ ਸਿਰ ਪਹੁੰਚਣ ਤਾਂ ਜੋ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਲੋੜਵੰਦ ਲੋਕਾਂ ਤੱਕ ਪਹੁੰਚ ਸਕਣ।

# ਪੱਟੀ ਐੱਸ ਡੀ ਐੱਮ ਦਫਤਰ ਅੱਗੇ 1 ਮਾਰਚ ਦੇ ਧਰਨੇ ਦੀਆ ਤਿਆਰੀਆ ਸ਼ੁਰੂ

## ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹਲਕੇ ਵਿੱਚ ਕਿਸਾਨਾ ਮਜਦੂਰਾ ਦਾ ਧਰਨਾ 190 ਦਿਨ ਵਿੱਚ ਹੋਇਆ ਦਾਖਲ



**ਪੱਟੀ/ਜਸਬੀਰ ਸਿੰਘ ਦੁੱਬਲੀ**

ਕਿਸਾਨ ਮਜਦੂਰ ਸੰਘਰਸ਼ ਕਮੇਟੀ (ਪੰਜਾਬ)ਵੱਲੋ ਐੱਸ ਡੀ ਐੱਮ ਦਫਤਰ ਅੱਗੇ ਅਣਮਿੱਥੇ ਸਮੇ ਲਈ ਲੱਗਾ ਮੋਰਚਾ 190 ਦਿਨ ਬੀਤ ਜਾਣ ਬਾਅਦ ਵੀ ਲਗਾਤਾਰ ਜਾਰੀ ਹੈ ਪ੍ਰਸ਼ਾਸਨ ਵੱਲੋ ਮਸਲਿਆ ਤੇ ਧਿਆਨ ਨਾ ਹੋਣ ਕਰਕੇ ਕਿਸਾਨ ਮਜਦੂਰ ਸੰਘਰਸ਼ ਕਮੇਟੀ ਵੱਲੋ 1 ਮਾਰਚ ਨੂੰ ਐੱਸ ਡੀ ਐੱਮ ਪੱਟੀ ਅੱਗੇ ਵੱਡਾ ਇਕੱਠ ਕੀਤਾ ਜਾਵੇ ਜਿਸ ਦੀਆ ਤਿਆਰੀਆ ਸਬੰਧੀ ਪੱਟੀ ਜੋਨ ਵੱਲੋ ਪਿੰਡ ਭੱਗੂਪੁਰ ਦੇ ਗੁਰਦੁਆਰਾ ਸਾਹਿਬ ਵਿੱਚ ਮੀਟਿੰਗ ਗੁਰਜੰਟ ਸਿੰਘ ਭੱਗੂਪੁਰ,ਜਗਰਾਜ ਸਿੰਘ ਸਭਰਾ ਰਾਜਸਥਾਨੀ,ਸੁਖਬੀਰ ਸਿੰਘ ਪੱਟੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਪੱਟੀ ਜੋਨ ਦੇ ਸਾਰੇ ਪਿੰਡਾ ਦੇ ਜੁੰਮੇਵਾਰ ਆਗੂਆ ਨੇ ਹਿੱਸਾ ਲਿਆ ਮੀਟਿੰਗ ਨੂੰ ਸੰਬੋਧਨ ਕਰਦਿਆ ਜਿਲ੍ਹਾ ਆਗੂ ਹਰਜਿੰਦਰ ਸਿੰਘ ਸ਼ਕਰੀ,ਬਲਵਿੰਦਰ ਸਿੰਘ ਚੋਹਲਾ,ਤਰਸੇਮ ਸਿੰਘ ਧਾਰੀਵਾਲ,ਪੱਟੀ ਜੋਨ ਪ੍ਰਧਾਨ ਗੁਰਭੇਜ ਸਿੰਘ ਧਾਰੀਵਾਲ ਕਿਹਾ ਕੇ ਪੱਟੀ ਹਲਕੇ ਨਾਲ ਸਬੰਧਤ ਮਸਲਿਆ ਨੂੰ ਲੈ ਕੇ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਨਾਲ ਕਈ ਮੀਟਿੰਗਾ ਹੋਈਆ ਪਰ ਮਸਲਿਆ ਦਾ ਠੋਸ ਹੱਲ ਨਹੀ ਕੱਢਿਆ ਗਿਆ ਸਿਰਫ ਪ੍ਰਸ਼ਾਸਨ ਵੱਲੋ ਖਾਨਾਪੂਰਤੀ ਕੀਤੀ ਗਈ ਹੈ ਪਿੰਡ ਸੀਤੋ ਨੋ ਬਆਦ ਰੋਹੀ ਦੀ ਨਿਸ਼ਾਨਦੇਹੀ ਹੋ ਗਈ ਹੈ ਪਰ ਖਲਵਾਹੀ ਕਰਵਾਉਣ ਲਈ ਡਰੇਨੇਜ ਵਿਭਾਗ ਵੱਲੋ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਇਸੇ ਤਰ੍ਹਾ ਪਿੰਡ ਭੱਗੂਪੁਰ ਸੰਗਵਾ ਵਾਲੀ ਸੜਕ ਬਣਾਉਣ ਤੋ ਪ੍ਰਸ਼ਾਸਨ ਵੱਲੋ ਪਾਸਾ ਵੱਟਿਆ ਜਾ ਰਿਹਾ ਹੈ,ਖੇਮਕਰਨ ਅਮਿ ?ਰੰਤਸਰ ਵਾਇਆ ਪੱਟੀ ਦੀ ਸੜਕ ਤੇ ਰੁੱਖ ਟੋਏ ਮੌਤ ਨੂੰ ਸ਼ਰੇਆਮ ਸੱਦਾ ਦਿੰਦੇ ਨਜ਼ਰ ਆ ਰਹੇ ਹਨ,ਉਥੇ ਵੀ ਪ੍ਰਸ਼ਾਸਨ ਵੱਲੋ ਕੰਮ ਸ਼ੁਰੂ ਕਰਕੇ ਖਾਨਾਪੂਰਤੀ ਕੀਤੀ ਗਈ ਹਲਕੇ ਅੰਦਰ ਨਸ਼ਾ ਵੇਚਣ ਵਾਲੇ ਸ਼ਰੇਆਮ ਘੁੰਮ ਰਹੇ ਹਨ ਦਿਨ ਦਿਹਾੜੇ ਕਤਲੇਆਮ ਅਤੇ ਗੁੰਡਾਗਰਦੀ ਹੋ ਰਹੀ ਇਹਨਾ ਤੇ ਸਿਕੰਜਾ ਕੱਸਣ ਦੀ ਥਾ ਹੱਕੀ ਮੰਗਾ ਨੂੰ ਲੈ ਸੰਘਰਸ਼ ਕਰਨ ਵਾਲਿਆ ਤੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ ਇਸੇ ਤਰ੍ਹਾ ਕਿਸਾਨ ਆਗੂ ਸਵਰਣ ਸਿੰਘ ਹਰੀਕੇ ਅਤੇ ਹੋਰ ਕਿਸਾਨ ਆਗੂਆ ਤੇ ਮਾਇਨਿੰਗ ਵਿਭਾਗ ਵੱਲੋ ਕੀਤੇ ਪਰਚੇ ਰੱਦ ਕਰਨ ਦੀ ਮੰਗ ਅਤੇ ਹੋਰ ਮਸਲਿਆ ਨੂੰ ਲੈ ਪੱਟੀ ਐੱਸ ਡੀ ਐੱਮ ਦਫਤਰ ਧਰਨਾ ਚੱਲ ਰਿਹਾ ਜਿਸ ਦਾ ਰੂਪ ਤਿੱਖਾ ਕਰਨ ਲਈ 1 ਮਾਰਚ ਨੂੰ ਵੱਡਾ ਇਕੱਠ ਕੀਤਾ ਜਾਵੇ ਜਿਸ ਦੀਆ ਤਿਆਰੀਆ ਸਬੰਧੀ ਮੀਟਿੰਗ ਬਲਾ ਕੇ ਪਿੰਡਾ ਦੇ ਆਗੂਆ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪਿੰਡਾ ਦੇ ਆਗੂਆ ਨੇ ਵਿਸ਼ਵਾਸ ਦਿਵਾਇਆ ਕੇ ਉਹ ਪਿੰਡਾ ਵਿੱਚੋ ਵੱਡੀ ਗਿਣਤੀ ਲੈ ਕੇ ਧਰਨੇ ਵਿੱਚ ਸਮੂਲੀਅਤ ਕਰਨ ਗਏ।

# ਅੰਮ੍ਰਿਤਸਰ ਪੁਲਿਸ ਨੇ ਗੈਂਗਸਟਰਾਂ ਨਾਲ ਹੋਈ ਮੁਠਭੇੜ ਤੋਂ ਬਾਅਦ ਦੋ ਨੂੰ ਕੀਤਾ ਕਾਬੂ, ਬਚਣ ਲਈ ਭਜਾਈ ਗੱਡੀ ਤੰਗ ਗਲੀ 'ਚ ਫਸੀ





**ਅੰਮ੍ਰਿਤਸਰ/ਲੋਕ ਬਾਣੀ**

ਅੰਮ੍ਰਿਤਸਰ ਵਿਖੇ ਅੱਜ ਦਿਨ ਦਿਹਾੜੇ 88 ਫੁੱਟ ਰੋਡ 'ਤੇ ਪੁਲਿਸ ਤੇ ਗੈਂਗਸ਼ਟਰਾਂ ਦਰਮਿਆਨ ਉਸ ਸਮੇ ਮੁਠਭੇੜ ਹੋਈ ਜਦ ਪੁਲਿਸ ਵੱਲੋਂ ਲਗਾਏ ਨਾਕੇ ਨੂੰ ਤੋੜਕੇ ਇੱਕ ਵਰਨਾ ਗੱਡੀ 'ਚ ਸਵਾਰ ਗੈਂਗਸ਼ਟਰਾਂ ਨੇ ਭੱਜਣ ਦੀ ਕੋਸ਼ਿਸ ਕੀਤੀ। ਪੁਲਿਸ ਨੇ ਦਲੇਰਨਾ ਤਰੀਕੇ ਨਾਲ ਦੋਵਾਂ ਨੂੰ ਕਾਬੂ ਕਰਕੇ ਉਨਾਂ ਪਾਸੋ ਇਕ ਪਿਸਤੌਲ 32 ਬੋਰ ਤੇ 7 ਜਿੰਦਾਂ ਕਾਰਤੂਸ ਬ੍ਰਾਮਦ ਕੀਤੇ ਹਨ। ਪੁਲਿਸ ਤੇ ਗੈਂਗਸਟਰਾਂ ਵਿਚਾਲੇ ਹੋਏ ਮੁਠਭੇੜ ਦੀ ਘਟਨਾ ਉਥੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਪੁਲਿਸ ਤੋਂ ਬਚਣ ਲਈ ਉਸ ਨੇ ਆਪਣੀ ਕਾਰ ਵਿੱਚ ਭੱਜਣ ਦੀ ਕੋਸ਼ਿਸ਼ ਕੀਤੀ। ਤੰਗ ਗਲੀਆਂ ਕਾਰਨ ਉਨ੍ਹਾਂ ਦੀ ਕਾਰ ਹੋਰ ਵਾਹਨਾਂ ਨਾਲ ਟਕਰਾ ਗਈ, ਬਾਅਦ 'ਚ ਉਹ ਮੌਕੇ 'ਤੇ ਹੀ ਕਾਰ ਛੱਡ ਕੇ ਫਰਾਰ ਹੋ ਗਏ।

ਇਸ ਸਬੰਧੀ ਜਾਣਕਾਰੀ ਦੇਦਿਆਂ ਪੁਲਿਸ ਕ ਮਿ ਸ਼ ਨ ਰ ਜਸਕਰਨ ਸਿੰਘ ਨੇ ਦੱਸਿਆ ਕਿ ਸ਼ਾਮ ਨੂੰ ਪੁਲਿਸ ਨੂੰ ਗੈਂਗਸਟਰਾਂ ਦੇ ਇੱਕ ਵਰਨਾ ਕਾਰ ਵਿੱਚ ਘੁੰਮਣ ਦੀ ਜਾਣਕਾਰੀ ਮਿਲੀ ਸੀ, ਜਿਸ ਤੋਂ ਬਾਅਦ ਪੁਲਿਸ ਨੇ ਮੁਲਜ਼ਮਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਪੁਲਿਸ ਤੋਂ ਬਚ ਕੇ ਦੋਵੇਂ ਗੈਂਗਸਟਰ 88 ਫੁੱਟ ਰੋਡ ਦੀਆਂ ਤੰਗ ਗਲੀਆਂ 'ਚ ਪਹੁੰਚ ਗਏ। ਜਿੱਥੇ ਕਾਰ ਖੜ੍ਹੇ ਵਾਹਨਾਂ ਨਾਲ ਟਕਰਾ ਗਈ। ਪੁਲਿਸ ਨਾਲ ਗੋਲੀਬਾਰੀ ਤੋਂ ਬਚਣ ਲਈ ਗੈਂਗਸਟਰ ਆਪਣੀ ਕਾਰ ਸੜਕ ਦੇ ਵਿਚਕਾਰ ਛੱਡ ਕੇ ਫਰਾਰ ਹੋ ਗਏ। ਪੁਲਿਸ ਵੀ ਪੈਦਲ ਹੀ ਉਨ੍ਹਾਂ ਦਾ ਪਿੱਛਾ ਕਰਨ ਲੱਗੀ। ਪੁਲਿਸ ਨੇ ਦੋਵਾਂ ਗੈਂਗਸਟਰਾਂ ਨੂੰ ਕੁੱਝ ਕਦਮਾਂ ਦੀ ਦੂਰੀ 'ਤੇ ਹੀ ਫੜ ਲਿਆ। ਪੁਲਿਸ ਨੇ ਗੈਂਗਸਟਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਮੁਲਜ਼ਮਾਂ ਕੋਲੋਂ 1 ਪਿਸਤੌਲ 32 ਬੋਰ ਤੇ 7 ਕਾਰਤੂਸ ਬਰਾਮਦ ਹੋਏ। ਪੁਲਿਸ ਵੱਲੋਂ ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਜਾਂ ਰਹੀ ਹੈ ਤੇ ਦੋਸ਼ੀਆਂ ਦੀ ਪਹਿਚਾਣ

*ਅਰਸ਼ਜੋਤ ਸਿੰਘ 0ਘੁੱਗੀ* ਪੁੱਤਰ ਗੁਰਜੀਤ ਸਿੰਘ ਵਾਸੀ ਤਾਹਰਪੁਰ, ਥਾਣਾ ਮੱਤੇਵਾਲ। ਪਹਿਲਾਂ ਦਰਜ਼ ਮੁਕਦਮੇਂ 05 ਵੇਰਵਾ:- 1) ਐਫਆਈਆਰ ਨੰਬਰ 26/2018 ਪੀਐਸ ਮੱਤੇਵਾਲ 307, 34 ਆਈਪੀਸੀ 21 ਐਨਡੀਪੀਐਸ, 2) ਐਫਆਈਆਰ ਨੰਬਰ 59/2019 ਜੁਰਮ 21 ਐਨਡੀਪੀਐਸ ਐਕਟ, ਥਾਣਾ ਆਦਮਪੁਰ , 3) ਐਫਆਈਆਰ ਨੰਬਰ 25/2022 ਪੀਐਸ ਮੱਤੇਵਾਲ 307, 25 ਅਸਲਾ ਐਕਟ, 4) ਮੁਕਦਮਾ ਨੰਬਰ 82/2022 PS 3 ਡਵੀਜ਼ਨ 25 ਅਸਲਾ ਐਕਟ, 5) FIR ਨੰ. 353/2022 PS ਇਸਲਾਮਾਬਾਦ 52 ਜੇਲ ਐਕਟ, ਅੰਮ੍ਰਿਤਸਰ ਅਤੇ *ਅਵਿਨਾਸ਼ ਪੁੱਤਰ ਅਸ਼ਵਨੀ* ਕੁਮਾਰ ਵਾਸੀ 951, ਗਲੀ ਨੰ. 4, ਬੋਬਾ ਬਸਤੀ, ਮੁਸਤਫਾਬਾਦ, ਬਟਾਲਾ ਰੋਡ, ਅੰਮ੍ਰਿਤਸਰ ਤੇ ਕੋਈ ਮੁਕੱਦਮਾ ਨਹੀਂ ਹੈ। ਇਹਨਾਂ ਦੋਵਾਂ ਗੈਗਸ਼ਟਰਾਂ ਤੇ FIR ਨੰਬਰ 51 ਮਿਤੀ 17.02.2023 U/S 25,54,59 ARMS ACT, PS ਸਦਰ, ਅੰਮ੍ਰਿਤਸਰ ਵਿੱਚ ਦਰਜ਼ ਕੀਤੀ ਗਈ ਹੈ।

ਇਸ ਸਮੇਂ ਉਨਾਂ ਨਾਲ ਏ.ਡੀ.ਸੀ.ਪੀ-2 ਪ੍ਰਭਜੋਤ ਸਿੰਘ ਵਿਰਕ, ਏ.ਸੀ.ਪੀ ਉਤਰੀ ਵਰਿੰਦਰ ਸਿੰਘ ਖੋਸਾ ਤੇ ਹੋਰ ਪੁਲਿਸ ਅਧਿਕਾਰੀ ਵੀ ਹਾਜ਼ਰ ਸਨ।

# ਦੰਦਾਂ ਦਾ ਪੰਦਰਵਾੜਾ 16 ਫਰਵਰੀ ਤੋ ਲੈ ਕੇ 2 ਮਾਰਚ ਤੱਕ ਮਨਾਇਆ ਜਾਵੇਗਾ : ਡਾ ਸਪਨਾ

**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਸਿਵਲ ਸਰਜਨ ਗੁਰਦਾਸਪੁਰ ਡਾ ਕੁਲਵਿੰਦਰ ਕੌਰ ਅਤੇ ਡੀ ਡੀ ਐਚ ਓ ਡਾ ਸੈ ?ਲਾ ਕਨਵਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਐਸ ਐਮ ਓ ਡਾ ਬਰਜੀਸ਼ ਸਿੰਘ ਦੀ ਯੋਗ ਅਗਵਾਈ ਹੇਠ ਪੀ ਐਚ ਸੀ ਬਹਿਰਾਮਪੁਰ ਵਿੱਖੇ ਦੰਦਾਂ ਦੇ ਪੰਦਰਵਾੜੇ ਦਾ ਉਦਘਾਟਨ ਕੀਤਾ ਗਿਆ । ਇਸ ਸਮੇਂ ਡਾ ਸਪਨਾ ਮੈਡੀਕਲ ਅਫਸਰ( ਡੈਂਟਲ ) ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਹੁਕਮਾਂ ਤਹਿਤ ਪੂਰੇ ਪੰਜਾਬ ਵਿੱਚ ਦੰਦਾਂ ਦੇ ਪੰਦਰਵਾੜੇ ਮਨਾਏ ਜਾ ਰਹੇ ਹਨ । ਇਸੇ ਕੜੀ ਤਹਿਤ ਹੀ ਇਹ ਪੰਦਰਵਾੜਾ 16 ਫਰਵਰੀ ਤੋ ਲੈ ਕੇ 2 ਮਾਰਚ ਤੱਕ ਪੀ ਐਚ ਸੀ ਬਹਿਰਾਮਪੁਰ ਵਿੱਖੇ ਮਨਾਇਆ ਜਾਵੇਗਾ । ਜਿਸ ਵਿੱਚ ਬਜੁਰਗਾਂ ਨੂੰ ਮੁਫਤ ਬਨਾਵਟੀ ਦੰਦਾਂ ਦੇ ਸੈੱਟ ਲਗਾਏ ਜਾਣਗੇ । ਇਸ ਤੋਂ ਇਲਾਵਾ ਦੰਦਾਂ ਦੀਆਂ ਬੀਮਾਰੀਆਂ ਦਾ ਇਲਾਜ਼ ਅਤੇ ਦਵਾਈਆਂ ਫ ?ਰੀ ਵਿੱਚ ਦਿੱਤੀਆਂ ਜਾਣਗੀਆਂ । ਇਸ ਸਮੇਂ ਡਾ ਜੋਤਪਾਲ ਸਿੰਘ ,ਡਾ ਗੁਰਪ੍ਰੀਤ ਸਿੰਘ,ਡਾ ਗੁਰਪ੍ਰੀਤ ਕੌਰ,ਨੀਲਮ ਮਹਿਤਾ ਚੀਫ ਫਾਰਮਾਸਿਸਟ ,ਰਸਪਾਲ ਸਿੰਘ ਐਮ ਐਲ ਟੀ ,ਵੀਨਾ ਕੁਮਾਰੀ ਐਮ ਐਲ ਟੀ ਆਦਿ ਹਾਜ਼ਰ ਸਨ।





# ਲੋਕ ਨਿਰਮਾਣ ਮੰਤਰੀ ਵਲੋਂ ਖੂਨਦਾਨ ਕੈਂਪ ਦਾ ਉਦਘਾਟਨ

## ਕਿਹਾ ! ਖੂਨਦਾਨ ਮਾਨਵਤਾ ਦੀ ਇੱਕ ਮਹਾਨ ਸੇਵਾ ਹੈ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਪੰਜਾਬ ਦੇ ਲੋਕ ਨਿਰਮਾਣ ਵਿਭਾਗ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਖੂਨਦਾਨ ਸਮਾਜ ਅਤੇ ਮਾਨਵਤਾ ਦੀ ਇੱਕ ਮਹਾਨ ਸੇਵਾ ਹੈ ਜਿਸ ਨਾਲ ਅਨੇਕਾਂ ਕੀਮਤੀ ਜਾਨਾਂ ਬਚਾਉਣ ਵਿੱਚ ਮਦਦ ਮਿਲ ਸਕਦੀ ਹੈ।

ਸਥਾਨਕ ਨਵੀਂ ਦਾਣਾ ਮੰਡੀ ਵਿਖੇ ਖੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਹਰਭਜਨ ਸਿੰਘ ਈ.ਟੀ.ਓ ਨੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਖੂਨਦਾਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੇ ਹਮੇਸ਼ਾ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ ਅਤੇ ਉਨ੍ਹਾਂ ਨੂੰ ਇਸ ਖੇਤਰ ਵਿੱਚ ਪਿੱਛੇ ਨਹੀਂ ਰਹਿਣਾ ਚਾਹੀਦਾ, ਜੋ ਕਿ ਮਨੁੱਖਤਾ ਦੀ ਸੱਚੀ ਸੇਵਾ ਹੈ। ਉਨ੍ਹਾਂ ਨੌਜਵਾਨਾਂ ਨੂੰ ਖੂਨਦਾਨ ਕਰਨ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ, ਜੋ ਕਿ ਸਿਹਤਮੰਦ ਬਲੱਡ ਬੈਂਕ ਬਣਾਉਣ ਲਈ ਬੇਹੱਦ ਜ਼ਰੂਰੀ ਹੈ। ਕੈਬਨਿਟ ਮੰਤਰੀ ਵਲੋਂ ਨੌਜਵਾਨਾਂ ਨੂੰ ਹਸਪਤਾਲਾਂ ਵਿੱਚ ਲੋੜੀਂਦੇ ਖੂਨ ਦੇ ਸਟਾਕ ਨੂੰ ਯਕੀਨੀ ਬਣਾਉਣ ਲਈ ਆਪਣੇ ਸਾਥੀਆਂ ਨੂੰ ਨਿਯਮਤ ਸਵੈ-ਇੱਛਾ ਨਾਲ ਖੂਨਦਾਨ ਕਰਨ ਲਈ ਪ੍ਰੇਰਿਤ ਕਰਨ ਲਈ ਵੀ ਕਿਹਾ।

ਕੈਬਨਿਟ ਮੰਤਰੀ ਵਲੋਂ ਕੈਂਪ ਵਿੱਚ ਖੂਨ ਦੇਣ ਵਾਲੇ ਦਾਨੀ ਸੱਜਣਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਪ੍ਰਬੰਧਕਾਂ ਵੱਲੋਂ ਕੀਤੇ ਜਾ ਰਹੇ ਨੇਕ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਰਜਿੰਦਰਪਾਲ ਕੌਰ ਛੀਨਾ, ਹਾਕਮ ਸਿੰਘ ਠੇਕੇਦਾਰ, ਜੀਵਨ ਸਿੰਘ ਸੰਗੋਵਾਲ ਆਦਿ ਨੇ ਵੀ ਸੰਬੋਧਨ ਕੀਤਾ।

# ਹਰੀਕੇ ਝੀਲ 'ਤੇ 01 ਕਰੋੜ ਰੁਪਏ ਦੀ ਲਾਗਤ ਨਾਲ ਸੈਲਾਨੀਆਂ ਲਈ ਬਣਾਇਆ ਜਾਵੇਗਾ ਸ਼ਾਨਦਾਰ "ਡਿਜ਼ੀਟਲ ਵਿਆਖਿਆ ਕੇਂਦਰ-ਸ੍ਰੀ ਲਾਲ ਚੰਦ ਕਟਾਰੂਚੱਕ

## ਜੇਕਰ ਅਸੀਂ ਪੰਛੀਆਂ, ਜੀਵਾਂ-ਜੰਤੂਆਂ ਤੇ ਕੁਦਰਤ ਨਾਲ ਪਿਆਰ ਕਰਾਂਗੇ ਤਾਂ ਪ੍ਰਕਿਰਤੀ ਵੀ ਸਾਡੇ ਨਾਲ ਪਿਆਰ ਕਰੇਗੀ-ਸ੍ਰੀ ਲਾਲਜੀਤ ਸਿੰਘ ਭੁੱਲਰ, ਹਰੀਕੇ ਵਿਖੇ ਕਰਵਾਇਆ ਗਿਆ ਚੌਥਾ ਰਾਜ ਪੱਧਰੀ ਪੰਛੀਆਂ ਦਾ ਤਿਉਹਾਰ-"ਬਰਡ ਫੈਸਟ-2023






**ਸਭਰਾ/ਕਿਸ਼ੋਰੀ ਲਾਲ ਹੈਪੀ ਸਭਰਾ**

ਹਰੀਕੇ ਝੀਲ 'ਤੇ 01 ਕਰੋੜ ਰੁਪਏ ਦੀ ਲਾਗਤ ਨਾਲ ਸੈਲਾਨੀਆਂ ਲਈ ਸ਼ਾਨਦਾਰ "ਡਿਜ਼ੀਟਲ ਵਿਆਖਿਆ ਕੇਂਦਰ"ਬਣਾਇਆ ਜਾਵੇਗਾ, ਜਿੱਥੇ ਆਉਣ ਵਾਲੇ ਸੈਲਾਨੀਆਂ ਨੂੰ ਹਰੀਕੇ ਝੀਲ, ਇੱਥੇ ਸਰਦ ਰੁੱਤ ਦੇ ਮਹਿਮਾਨ ਪ੍ਰਵਾਸੀ ਪੰਛੀਆਂ ਤੇ ਜੀਵ-ਜੰਤੂਆਂ, ਡਾਲਫਿਨ ਅਤੇ ਘੜਿਆਲ ਆਦਿ ਬਾਰੇ ਵਿਸਥਾਰ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।ਇਹ ਜਾਣਕਾਰੀ ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਕੈਨਾਲ ਰੈਸਟ ਹਾਊਸ ਹਰੀਕੇ ਵਿਖੇ ਕਰਵਾਏ ਗਏ ਚੌਥੇ ਰਾਜ ਪੱਧਰੀ ਪੰਛੀਆਂ ਦਾ ਤਿਉਹਾਰ-ਬਰਡ ਫੈਸਟ-2023 ਮੌਕੇ ਸੰਬੋਧਨ ਕਰਦਿਆਂ ਦਿੱਤੀ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲਜੀਤ ਸਿੰਘ ਭੁੱਲਰ, ਹਲਕਾ ਵਿਧਾਇਕ ਖਡੂਰ ਸਾਹਿਬ ਸ੍ਰੀ ਮਨਜਿੰਦਰ ਸਿੰਘ ਲਾਲਪੁਰਾ, ਹਲਕਾ ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ, ਵਧੀਕ ਮੁੱਖ ਸਕੱਤਰ ਸ਼ ?ਰੀਮਤੀ ਰਾਜੀ ਪੀ. ਸ਼ ?ਰੀਵਾਸਤਵਾ, ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਿਸ਼ੀਪਾਲ ਸਿੰਘ ਤੋਂ ਇਲਾਵਾ ਸਬੰਧਿਤ ਵਿਭਾਗਾਂ ਦੇ ਉੱਚ ਅਧਿਕਾਰੀ ਤੇ ਪਤਵੰਤੇ ਵੀ ਹਾਜ਼ਰ ਸਨ।

ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਅੱਜ ਪੰਛੀ ਦਿਵਸ ਨੂੰ ਸਮਰਪਿਤ ਇਸ ਵਿਸ਼ੇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜੰਗਲਾਂ ਅਤੇ ਜੰਗਲੀ ਜੀਵ-ਜੰਤੂਆਂ ਨੂੰ ਬਚਾਉਣ ਲਈ ਵਿਸ਼ੇਸ ਉਪਰਾਲੇ ਕਰ ਰਹੀ ਹੈ।ਉਹਨਾਂ ਕਿਹਾ ਕਿ ਹਰੀਕੇ ਪੰਜਾਬ ਦਾ ਬਹੁਤ ਖ਼ੂਬਸੂਰਤ ਤੇ ਇਤਿਹਾਸਿਕ ਇਲਾਕਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਇਸ ਨੂੰ ਸੈਰ-ਸਪਾਟੇ ਦੇ ਕੇਂਦਰ ਵਜੋਂ ਵੀ ਉਭਾਰਿਆ ਜਾਵੇਗਾ।ਉਹਨਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਛੀਆਂ, ਜੀਵ-ਜੰਤੂਆਂ ਅਤੇ ਰੁੱਖਾਂ ਤੇ ਜੰਗਲਾਂ ਦੀ ਦੇਖ-ਭਾਲ ਉਸੇ ਤਰ੍ਹਾਂ ਕਰਨ, ਜਿਸ ਤਰ੍ਹਾਂ ਉਹ ਆਪਣੇ ਧੀਆਂ-ਪੁੱਤਰਾਂ ਦੀ ਕਰਦੇ ਹਨ, ਕਿਉਂਕਿ ਇਹਨਾਂ ਸਭ ਦੀ ਸਾਡੇ ਜੀਵਨ ਵਿੱਚ ਬਹੁਤ ਵੱਡੀ ਭੂਮਿਕਾ ਹੈ ਅਤੇ ਸਾਡੇ ਸੱਭਿਆਚਾਰ ਤੇ ਵਿਰਾਸਤ ਦਾ ਪ੍ਰਮੁੱਖ ਹਿੱਸਾ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੀਵ-ਜੰਤੂਆਂ ਤੇ ਪੰਛੀਆਂ ਦੇ ਇਲਾਜ ਲਈ ਛੱਤਬੀੜ ਚਿੜੀਆਘਰ ਵਿਖੇ ਪੰਜਾਬ ਦੇ ਪਹਿਲੇ ਕਰੀਟੀਕਲ ਕੇਅਰ ਯੂਨਿਟ ਬਣਾਇਆ ਗਿਆ ਹੈ।ਉਹਨਾਂ ਕਿਹਾ ਕਿ ਛੱਤਬੀੜ ਚਿੜੀਆਘਰ ਵਿਖੇ ਹੀ ਓਪਨ ਏਅਰ ਜੂ ਐਜੂਕੇਸ਼ਨ ਪਲਾਜਾ ਦੀ ਉਸਾਰੀ ਕੀਤੀ ਗਈ ਹੈ ਅਤੇ ਛੱਤਬੀੜ ਚਿੜੀਆਘਰ ਵਿਖੇ ਮੈਟਲ ਬੈਰੀਅਰ ਲਗਾਏ ਗਏ ਹਨ।ਉਹਨਾਂ ਕਿਹਾ ਕਿ ਪਟਿਆਲਾ ਵਿਖੇ ਲੈਪਰਡ ਇੰਨਕਲੋਜ਼ਰ ਅਤੇ ਘੜਿਆਲ ਇੰਨਕਲੋਜ਼ਰ ਦੀ ਉਸਾਰੀ ਕਰਨ ਦੇ ਨਾਲ-ਨਾਲ ਲੁਧਿਆਣਾ ਚਿੜੀਆ ਘਰ ਵਿਖੇ ਕੈਫੇਟੇਰੀਆ ਅਤੇ ਬਾਊਂਡਰੀ ਵਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸਮੂਹ ਪੰਜਾਬੀਆਂ ਤੇ ਖਾਸ ਕਰਕੇ ਹਰੀਕੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਅਸੀਂ ਪ੍ਰਕਿਰਤੀ ਨਾ ਖਿਲਵਾੜ ਨਾ ਕਰੀਏ ਅਤੇ ਕੁਦਰਤ ਨੂੰ ਪਿਆਰ ਕਰੀਏ। ਉਹਨਾਂ ਕਿਹਾ ਕਿ ਜੇਕਰ ਅਸੀਂ ਪੰਛੀਆਂ, ਜੀਵਾਂ-ਜੰਤੂਆਂ ਤੇ ਕੁਦਰਤ ਨਾਲ ਪਿਆਰ ਕਰਾਂਗੇ ਤਾਂ ਪ੍ਰਕਿਰਤੀ ਵੀ ਸਾਡੇ ਨਾਲ ਪਿਆਰ ਕਰੇਗੀ। ਉਹਨਾਂ ਹਲਕੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਾਂ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ, ਜਿਸ ਨਾਲ ਜੀਵ-ਜੰਤੂਆਂ ਤੇ ਪ੍ਰਕਿਰਤੀ ਦਾ ਨੁਕਸਾਨ ਹੁੰਦਾ ਹੈ ਅਤੇ ਜਿਸ ਦਾ ਖਮਿਆਜਾ ਸਾਨੂੰ ਮਨੁੱਖਾਂ ਨੂੰ ਵੀ ਭੁਗਤਣਾ ਪੈਂਦਾ ਹੈ।

# 21 ਫਰਵਰੀ ਤੋਂ ਪਹਿਲਾਂ ਸਾਰੇ ਸਾਈਨ ਬੋਰਡਾਂ 'ਤੇ ਪੰਜਾਬੀ ਭਾਸ਼ਾ ਨੂੰ ਸਿਖਰ 'ਤੇ ਲਿਖਣਾ ਬਣਾਇਆ ਜਾਵੇ ਯਕੀਨੀ



**ਲੁਧਿਆਣਾ/ਸੁਖਚੈਨ ਮਹਿਰਾ**

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਹੁਲ ਚਾਬਾ ਨੇ ਵੀਰਵਾਰ ਨੂੰ ਜ਼ਿਲ੍ਹੇ ਦੇ ਸਮੂਹ ਸਰਕਾਰੀ, ਅਰਧ-ਸਰਕਾਰੀ ਦਫ਼ਤਰਾਂ ਅਤੇ ਨਿੱਜੀ ਅਦਾਰਿਆਂ ਨੂੰ ਹਦਾਇਤ ਕੀਤੀ ਕਿ ਉਹ 21 ਫਰਵਰੀ ਤੋਂ ਪਹਿਲਾਂ-ਪਹਿਲਾਂ ਸਾਈਨ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਲਿਖੇ ਹੋਏ ਯਕੀਨੀ ਬਣਾਉਣ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਾਹੁਲ ਚਾਬਾ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ ਵੱਲੋਂ 21 ਫਰਵਰੀ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਤੋਂ ਪਹਿਲਾਂ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵਿੱਚ ਸਾਈਨ ਬੋਰਡਾਂ 'ਤੇ ਪੰਜਾਬੀ ਭਾਸ਼ਾ ਦੀ ਵਰਤੋਂ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੇ ਮੱਦੇਨਜ਼ਰ ਸਾਰੇ ਸਰਕਾਰੀ ਅਤੇ ਅਰਧ-ਸਰਕਾਰੀ ਦਫ਼ਤਰਾਂ ਤੋਂ ਇਲਾਵਾ ਬੋਰਡਾਂ, ਕਾਰਪੋਰੇਸ਼ਨਾਂ, ਵਿਦਿਅਕ ਅਦਾਰਿਆਂ, ਜਨਤਕ, ਨਿੱਜੀ ਅਤੇ ਵਪਾਰਕ ਅਦਾਰਿਆਂ ਨੂੰ ਇਸ ਦੀ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਮਾਂ ਬੋਲੀ ਨੂੰ ਪਹਿਲ ਦੇਣ ਲਈ ਇਹ ਫੈਸਲਾ ਲਿਆ ਹੈ। ਇਸ ਲਈ ਬੋਰਡਾਂ, ਕਾਰਪੋਰੇਸ਼ਨਾਂ ਦੇ ਦਫ਼ਤਰਾਂ, ਵਿਦਿਅਕ ਅਦਾਰਿਆਂ, ਸਰਕਾਰੀ, ਨਿੱਜੀ ਅਤੇ ਵਪਾਰਕ ਅਦਾਰਿਆਂ ਤੋਂ ਇਲਾਵਾ ਸਰਕਾਰੀ ਅਤੇ ਅਰਧ-ਸਰਕਾਰੀ ਦਫ਼ਤਰਾਂ ਵਿੱਚ ਪੰਜਾਬੀ ਭਾਸ਼ਾ ਵਿੱਚ ਸਾਈਨ ਬੋਰਡ ਲਗਾਉਣੇ ਜ਼ਰੂਰੀ ਹਨ। ਇਸ ਤੋਂ ਇਲਾਵਾ ਸੜ੍ਹਕਾਂ ਦਾ ਨਾਮ ਅਤੇ ਨੇਮ ਪਲੇਟਾਂ ਪੰਜਾਬੀ ਭਾਸ਼ਾ ਵਿੱਚ ਲਿਖਣਾ ਲਾਜ਼ਮੀ ਕੀਤਾ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਇਹ ਕੰਮ 21 ਫਰਵਰੀ ਤੋਂ ਪਹਿਲਾਂ-ਪਹਿਲਾਂ ਮੁਕੰਮਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਜੇਕਰ ਕੋਈ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਲਿਖਣਾ ਚਾਹੁੰਦਾ ਹੈ ਤਾਂ ਉਹ ਪੰਜਾਬੀ ਭਾਸ਼ਾ ਦੇ ਹੇਠਾਂ ਲਿਖ ਸਕਦਾ ਹੈ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਵਪਾਰਕ ਅਤੇ ਮੰਡੀਆਂ ਦੀਆਂ ਐਸੋਸੀਏਸ਼ਨਾਂ, ਉਦਯੋਗਾਂ ਅਤੇ ਹੋਰਾਂ ਨਾਲ ਮੀਟਿੰਗਾਂ ਕਰਨ ਅਤੇ ਹੁਕਮਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ। ਇਸ ਮੌਕੇ ਐਸ.ਡੀ.ਐਮਜ਼ ਗੁਰਬੀਰ ਸਿੰਘ ਕੋਹਲੀ, ਵਿਕਾਸ ਹੀਰਾ, ਗੁਰਸਿਮਰਨ ਸਿੰਘ ਢਿੱਲੋਂ, ਮਨਜੀਤ ਕੌਰ, ਕੁਲਦੀਪ ਬਾਵਾ, ਜਸਲੀਨ ਕੌਰ ਅਤੇ ਹੋਰ ਹਾਜ਼ਰ ਸਨ।

# ਚਰਵਾਹਿਆਂ 'ਤੇ ਪਸ਼ੂਆਂ ਨੂੰ ਸੜ੍ਹਕਾਂ ਕਿਨਾਰੇ ਚਰਾਉਣ 'ਤੇ ਰੋਕ

## ਮੂੰਹ ਖੁਰ ਤੇ ਧੱਫ਼ੜੀ ਦੀ ਬਿਮਾਰੀ ਤੋਂ ਬਚਾਅ ਲਈ ਵੀ ਪਸ਼ੂਆਂ ਨੂੰ ਬਾਹਰ ਲਿਆਉਣ ਤੋਂ ਗੁਰੇਜ਼ ਕੀਤਾ ਜਾਵੇ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਮੈਜਿਸਟਰੇਟ, ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲੇ ?ਹ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ 'ਚ ਚਰਵਾਹਿਆਂ ਵੱਲੋਂ ਪਸ਼ੂਆਂ ਨੂੰ ਸੜਕਾਂ ਕਿਨਾਰੇ ਚਰਾਉਣ 'ਤੇ ਰੋਕ ਲਗਾ ਦਿੱਤੀ ਹੈ।ਜ਼ਿਲ੍ਹਾ ਮੈਜਿਸਟ ?ਰੇਟ ਵੱਲੋਂ ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਚਰਵਾਹੇ ਵੱਡੀ ਗਿਣਤੀ 'ਚ ਗਾਵਾਂ, ਮੱਝਾਂ ਤੇ ਹੋਰ ਪਸ਼ੂ ਆਦਿ ਲੈ ਕੇ ਜ਼ਿਲ੍ਹੇ 'ਚ ਪੈਂਦੇ ਸ਼ਹਿਰਾਂ/ਕਸਬਿਆਂ ਅਤੇ ਪਿੰਡਾਂ 'ਚ ਘੁੰਮਦੇ ਫਿਰਦੇ ਹਨ ਜੋ ਕਿ ਸੜ੍ਹਕ ਹਾਦਸਿਆਂ ਦਾ ਕਾਰਨ ਬਣਨ ਦੇ ਨਾਲ-ਨਾਲ ਲੋਕਾਂ ਦੀਆਂ ਫਸਲਾਂ ਅਤੇ ਸੜ੍ਹਕ ਕਿਨਾਰੇ ਲਗਾਏ ਗਏ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ।ਇਸ ਤੋਂ ਇਲਾਵਾ ਮੂੰਹ-ਖੁਰ ਤੇ ਧੱਫ਼ੜੀ ਰੋਗ ਤੋਂ ਪਸ਼ੂਆਂ ਨੂੰ ਬਚਾਉਣ ਲਈ ਵੀ ਪਸ਼ੂਆਂ ਨੂੰ ਚਰਾਉਣ ਲਈ ਬਾਹਰ ਲਿਆਉਣ ਤੋਂ ਪ੍ਰਹੇਜ਼ ਕਰਨ ਦੀ ਲੋੜ ਹੈ। ਇਹ ਹੁਕਮ 16 ਫ਼ਰਵਰੀ 2023 ਤੋਂ 15 ਅਪਰੈਲ 2023 ਤੱਕ ਲਾਗੂ ਰਹਿਣਗੇ।

# ਖੇਲੋ ਇੰਡੀਆ ਵਿੰਟਰ ਗੇਮ ਕਰਲਿੰਗ ਦੇ ਵਿੱਚ ਪੰਜਾਬ ਬਣਿਆ ਉੱਪ ਜੇਤੂ

## ਅਭਿਲਾਸ਼ ਕੁਮਾਰ, ਕੋਚ ਬਲਦੇਵ ਰਾਜ ਦੇਵ, ਦਿਨੇਸ਼ ਕੁਮਾਰ, ਮਨਜੀਤ ਕੌਰ, ਅਮਰਜੀਤ ਸਿੰਘ ਤੇ ਅੰਕੁਸ਼ ਕੁਮਾਰ ਨੇ ਦਿਖਾਇਆ ਦਮਖਮ

**ਅੰਮ੍ਰਿਤਸਰ/ਲੋਕ ਬਾਣੀ**

ਜੰਮੂ ਕਸ਼ਮੀਰ ਦੇ ਗੁਲਮਰਗ ਵਿਖੇ ਖੇਲੋ ਇੰਡੀਆ ਵਿੰਟਰ ਗੇਮ ਦੇ ਵਿੱਚ ਕਰਲਿੰਗ ਐਸੋਸੀਏਸ਼ਨ ਪੰਜਾਬ ਦੇ ਵੱਲੋਂ ਸ਼ਮੂਲੀਅਤ ਕਰਨ ਗਈ ਪੰਜਾਬ ਦੀ ਟੀਮ ਨੇ ਸ਼ਾਨਦਾਰ ਤੇ ਬੇਹਤਰ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਹਾਂਸਲ ਕੀਤਾ ਹੈ। ਇਸ ਗੱਲ ਦੀ ਜਾਣਕਾਰੀ ਐਸੋਸੀਏਸ਼ਨ ਦੇ ਸੂਬਾ ਚੇਅਰਮੈਨ ਸੁਮਿਤ ਖੰਨਾ ਦੇ ਵੱਲੋਂ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ 10 ਫਰਵਰੀ ਤੋਂ ਲੈ ਕੇ 14 ਫਰਵਰੀ ਤੱਕ ਜੰਮੂ ਕਸ਼ਮੀਰ ਦੇ ਗੁਲਮਰਗ ਵਿਖੇ ਆਯੋਜਿਤ ਖੇਲੋ ਇੰਡੀਆ ਵਿੰਟਰ ਗੇਮਜ਼ ਦੇ ਵਿੱਚ ਐਸੋਸੀਏਸ਼ਨ ਦੇ ਵੱਲੋਂ ਪੰਜਾਬ ਦੇ 6 ਖਿਡਾਰੀਆਂ ਨੂੰ ਸ਼ਮੂਲੀਅਤ ਕਰਨ ਦਾ ਸੁਨਿਹਰੀ ਮੌਕਾ ਦਿੱਤਾ ਗਿਆ। ਜਿਸ ਵਿੱਚ ਕੌਮਾਂਤਰੀ ਕੋਚ ਤੇ ਸਰਕਦਾ ਅਹੁੱਦੇਦਾਰ ਅਭਿਲਾਸ਼ ਕੁਮਾਰ, ਕੌਮੀ ਕੋਚ ਬਲਦੇਵ ਰਾਜ ਦੇਵ, ਦਿਨੇਸ਼ ਕੁਮਾਰ, ਮਨਜੀਤ ਕੌਰ, ਅਮਰਜੀਤ ਸਿੰਘ ਤੇ ਅੰਕੁਸ਼ ਕੁਮਾਰ ਦੇ ਨਾਮ ਸ਼ਾਮਲ ਹਨ। ਸੁਮਿਤ ਖੰਨਾ ਨੇ ਅੱਗੇ ਦੱਸਿਆ ਕਿ 6 ਦੇ



6 ਖਿਡਾਰੀਆਂ ਦੇ ਵੱਲੋਂ ਮਿਸਾਲੀ ਪ੍ਰਦਰਸ਼ਨ ਕੀਤਾ ਗਿਆ। ਜਿਸ ਦੇ ਚੱਲਦਿਆਂ ਪੰਜਾਬ ਦਾ ਫਾਈਨਲ ਮੁਕਾਬਲਾ ਕਰਨਾਟਕ ਦੀ ਟੀਮ ਦੇ ਨਾਂਲ ਹੋਇਆ। ਇਸ ਦੌਰਾਨ ਕਰਨਾਟਕ ਦੀ ਟੀਮ ਪਹਿਲੇ ਸਥਾਨ ਤੇ ਰਹਿੰਦੇ ਹੋਏ ਚੈਂਪੀਅਨ ਬਣੀ ਜਦੋਂ ਕਿ ਪੰਜਾਬ ਦੀ ਟੀਮ ਦੂਜੇ ਸਥਾਨ ਤੇ ਰਹਿੰਦੇ ਹੋਏ ਉੱਪ ਜੇਤੂ ਅਤੇ ਮੇਜ਼ਬਾਨ ਜੰਮੂ ਕਸ਼ਮੀਰ ਦੀ ਟੀਮ ਨੂੰ ਤੀਜਾ ਸਥਾਨ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਵਿੱਚ ਬੇਸ਼ੱਕ ਇਸ ਖੇਡ ਦਾ ਪ੍ਰਚਲਨ ਬਹੁਤ ਘੱਟ ਹੈ ਤੇ ਖਿਡਾਰੀਆਂ ਨੂੰ ਇਸ ਖੇਡ ਨੂੰ ਨਿਰੰਤਰ ਖੇਡਣ ਤੇ ਅਭਿਆਸ ਕਰਨ ਵਾਸਤੇ ਨਾਂ ਤਾਂ ਉਹ ਮੌਸਮ ਨਸੀਬ ਹੁੰਦਾ ਹੈ ਤੇ ਨਾ ਹੀ ਬਰਫੀਲੇ ਖੇਡ ਮੈਦਾਨ ਮੁਹੱਈਆ ਹੁੰਦੇ ਹਨ। ਅਜਿਹੇ ਵਿੱਚ ਖਿਡਾਰੀ ਬਿਨ੍ਹਾਂ ਕਿਸੇ ਸਰਕਾਰੀ ਸਹਾਇਤਾ ਦੇ ਆਪਣੇ ਪੱਧਰ ਤੇ ਆਪਣੇ ਖਰਚੇ ਤੇ ਸਾਰਾ ਸਾਲ ਗੁਆਂਢੀ ਪ੍ਰਦੇਸ਼ ਜੰਮੂ ਕਸ਼ਮੀਰ ਅਤੇ ਹਿਮਾਚਲ ਦੀਆਂ ਬਰਫੀਲੀਆ ਤੇ ਠੰਡੀਆ ਠਾਰ ਪਹਾੜੀ ਉੱਚੀਆਂ ਚੋਟੀਆਂ ਤੇ ਜਾ ਕੇ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਅਭਿਆਸ ਕਰਦੇ ਹਨ। ਇੱਥੇ ਹੀ ਬੱਸ ਨਹੀਂ ਕਈ ਵਾਰ ਵੱਡੇ ਖਰਚੇ ਕਰਕੇ ਕੈਂਪਾਂ ਦਾ ਆਯੋਜਨ ਵੀ ਕਰਦੇ ਹਾਂ ਤਾਂ ਜ਼ੋ ਕਿਸੇ ਵੀ ਪੱਧਰ ਦੀ ਮੁਕਾਬਲੇ ਬਾਜੀ ਤੱਕ ਉਨ੍ਹਾਂ ਦੇ ਇਸ ਸਿਲਸਿਲੇ ਵਿੱਚ ਖੜੌਤ ਨਾ ਆ ਸਕੇ। ਵਾਪਿਸ ਪਰਤੇ ਕੌਮਾਂਤਰੀ ਕੋਚ ਤੇ ਸਰਕਦਾ ਅਹੁੱਦੇਦਾਰ ਅਭਿਲਾਸ਼ ਕੁਮਾਰ, ਕੌਮੀ ਕੋਚ ਬਲਦੇਵ ਰਾਜ ਦੇਵ, ਦਿਨੇਸ਼ ਕੁਮਾਰ, ਮਨਜੀਤ ਕੌਰ, ਅਮਰਜੀਤ ਸਿੰਘ ਤੇ ਅੰਕੁਸ਼ ਕੁਮਾਰ ਨੇ ਆਪਣੀ ਪ੍ਰਪਾਤੀ ਤੇ ਖੁਸ਼ੀ ਤੇ ਸੰਤੁਸ਼ਟੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਖੇਡ ਵਿਭਾਗ ਨੂੰ ਉਨ੍ਹਾਂ ਦੀ ਕਾਰਜਸ਼ੈਲੀ ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਕਿਉਂਕਿ ਉਨ੍ਹਾਂ ਨੇ ਉਸ ਜਗ ?ਹਾ ਤੇ ਜਾ ਕੇ ਮੇਜ਼ਬਾਨ ਪ੍ਰਬੰਧਕ ਰਾਜ ਦੇ ਖਿਡਾਰੀਆਂ ਨੂੰ ਧੂਲ ਚਟਾਈ ਹੈ ਜਿੱਥੇ ਵਿੰਟਰ ਗੇਮ ਕਰਲਿੰਗ ਦਾ ਪੂਰਾ ਬੋਲਬਾਲਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਖੇਡ ਦੇ ਪ੍ਰਚਾਰ ਤੇ ਪ੍ਰਸਾਰ ਦੇ ਲਈ ਯੋਗ ਤੇ ਢੁੱਕਵੇਂ ਪ੍ਰਬੰਧ ਕਰੇ ਜਿਸ ਨਾਲ ਖਿਡਾਰੀ ਇਸ ਖੇਡ ਪ੍ਰਤੀ ਉਤਸ਼ਾਹਿਤ ਹੋ ਸੱਕਣ। ਉਨ੍ਹਾਂ ਸਰਕਾਰ ਦੇ ਕੋਲੋਂ ਉਨ੍ਹਾਂ ਨੂੰ ਵਿਤੀ ਸਹਾਇਤਾ ਤੇ ਬਣਦਾ ਸਨਮਾਨ ਦੇਣ ਦੀ ਮੰਗ ਕੀਤੀ ਹੈ।

# ਦਿਨ ਦਿਹਾੜੇ ਕੌਂਸਲਰ ਕੁਲਵਿੰਦਰ ਸਿੰਘ ਬੱਬਾ ਤੇ ਜਾਨਲੇਵਾ ਹਮਲਾ







**ਪੱਟੀ/ਜਸਬੀਰ ਸਿੰਘ ਦੁੱਬਲੀ**

ਦਿਨ ਦਿਹਾੜੇ ਵਾਰਡ ਨੰ. 4 ਦੇ ਕੌਂਸਲਰ ਕੁਲਵਿੰਦਰ ਸਿੰਘ ਬੱਬਾ ਤੇ ਚਾਰ ਨੌਜਵਾਨਾਂ ਵੱਲੋਂ ਜਾਨਲੇਵਾ ਹਮਲਾ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸਿਵਲ ਹਸਪਤਾਲ ਪੱਟੀ ਵਿਖੇ ਗੰਭੀਰ ਜਖਮੀ ਕੁਲਵਿੰਦਰ ਸਿੰਘ ਬੱਬਾ ਨੇ ਦੱਸਿਆ ਕਿ ਉਹ ਆਪਣੀ ਰੇਲਵੇ ਰੋਡ ਸਥਿਤ ਜਿਉਲਰਜ਼ ਦੀ ਦੁਕਾਨ ਤੇ ਆਪਣੇ ਕੰਮ ਕਾਰ ਰਿਹਾ ਸੀ ਕਿ ਅਚਾਨਕ ਚਾਰ ਨੌਜਵਾਨ ਜਿੰਨ੍ਹਾਂ ਨੇ ਆਪਣੇ ਮੂੰਹ ਢੱਕੇ ਹੋਏ ਸਨ ਨੇ ਮੇਰੇ ਉਪਰ ਬੈਸਬੋਲਾਂ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਕ ਨੌਜਵਾਨ ਨੇ ਮੇਰੇ ਤੇ ਦਾਤਰ ਨਾਲ ਹਮਲਾ ਕੀਤਾ ਜਿਸ ਤੇ ਮੇਰੀ ਲੱਤ ਤੇ ਸੱਟ ਲੱਗ ਗਈ। ਕੌਂਸਲਰ



ਨੇ ਦੱਸਿਆ ਕਿ ਹਮਲਾਵਰਾਂ ਵਿਚੋਂ ਇਕ ਦੀ ਮੈਨੂੰ ਥੋੜੀ ਥੋੜੀ ਪਹਿਚਾਨ ਹੈ।ਇਸ ਮੌਕੇ ਕੌਂਸਲਰ ਨੇ ਐਸ.ਐਸ.ਪੀ. ਤਰਨ ਤਾਰਨ, ਡਿਪਟੀ ਕਮਿਸ਼ਨਰ ਤਰਨ ਤਾਰਨ ਤੋਂ ਮੰਗ ਕੀਤੀ ਕਿ ਮੇਰੇ ਤੇ ਹੋਏ ਜਾਨਲੇਵਾ ਹਮਲਾਵਰਾਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ ਅਤੇ ਇਨਸਾਫ ਦਿਵਾਇਆ ਜਾਵੇ। ਇਸ ਮੌਕੇ ਸਿਵਲ ਹਸਪਤਾਲ ਪੱਟੀ ਵਿਖੇ ਮੌਜੂਦ ਗੁਰਦੇਵ ਸਿੰਘ ਬੰਟੀ, ਰਜਿੰਦਰ ਸਿੰਘ ਸਰਾਫ, ਦਲਬੀਰ ਸਿੰਘ ਸੇਖੋਂ ਸਾਬਕਾ ਪ੍ਰਧਾਨ, ਬੋਬੀ ਧੁੰਨ, ਸ਼ੋਭਾ ਸਿੰਘ ਪ੍ਰਧਾਨ, ਪਵਨ ਧਵਨ ਮੌਜੂਦ ਸਨ।

# ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਸ਼ਰਧਾਲੂਆਂ ਦਾ ਅੱਠਵਾਂ ਜੱਥਾ ਕਰਤਾਰਪੁਰ ਸਾਹਿਬ (ਪਾਕਿ:) ਲਈ ਭਲਕੇ ਹੋਵੇਗਾ ਰਵਾਨਾ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਅਤੇ ਗੁਰੂ ਕੀ ਰਸੋਈ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ ਸ੍ਰੀ ਕਰਤਾਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਲਈ ਕੱਲ ਮਿਤੀ 19 ਫਰਵਰੀ 2023 ਦਿਨ ਐਤਵਾਰ ਨੂੰ 51 ਸ਼ਰਧਾਲੂਆਂ ਦਾ ਅੱਠਵਾਂ ਜੱਥਾ ਰਵਾਨਾ ਹੋਵੇਗਾ। ਜੱਥੇ ਦੇ ਮੈਂਬਰ ਡੇਰਾ ਬਾਬਾ ਨਾਨਕ ਕਾਰੀਡੋਰ ਰਾਹੀਂ ਪਾਕਿਸਤਾਨ ਵਿਚ ਦਾਖਲ ਹੋਣ ਉਪਰੰਤ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਣਗੇ ।ਇਹ ਜਾਣਕਾਰੀ ਦਿੰਦਿਆ ਹੋਇਆ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਸੋਸਾਇਟੀ ਵਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਲਗਾਤਾਰ ਹਰ ਮਹੀਨੇ ਇਸ ਪਾਵਨ ਅਸਥਾਨ ਦੇ ਦਰਸ਼ਨਾਂ ਲਈ ਜੱਥੇ ਭੇਜਣ ਦੇ ਪ੍ਰਬੰਧ ਕੀਤੇ ਗਏ ਹਨ। ਇਸ ਲੜੀ ਤਹਿਤ ਸੰਨ 2023 ਦਾ ਇਹ ਦੂਸਰਾ ਅਤੇ ਕੁਲ ਮਿਲਾ ਕੇ ਅੱਠਵਾਂ ਜੱਥਾ ਹੋਵੇਗਾ। ਸੋਸਾਇਟੀ ਵਲੋਂ ਐਤਵਾਰ ਨੂੰ ਭੇਜਿਆ ਜਾਣ ਵਾਲਾ ਇਹ ਜੱਥਾ ਸਵੇਰੇ ਚਾਰ ਵਜੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦਫਤਰ ਤੋਂ ਬੱਸਾਂ ਰਾਹੀਂ ਰਵਾਨਾ ਹੋਵੇਗਾ ਅਤੇ ਬਾਬਾ ਬਕਾਲਾ ਅਤੇ ਡੇਰਾ ਬਾਬਾ ਨਾਨਕ ਹੁੰਦੇ ਹੋਏ ਸ੍ਰੀ ਕਰਤਾਰਪੁਰ ਸਾਹਿਬ ਪਹੁੰਚੇਗਾ। ਇਸ ਜੱਥੇ ਵਿਚ ਨਵਾਂਸ਼ਹਿਰ ਅਤੇ ਨਾਲ ਲਗਦੇ ਇਲਾਕੇ, ਮਹਿਤਪੁਰ ਉਲੱਦਣੀ, ਬੰਗਾ, ਗਰਚਾ, ਉੜਾਪੜ, ਸਜਾਵਲਪੁਰ, ਗੋਬਿੰਦਪੁਰ ਅਤੇ ਹੋਰ ਪਿੰਡਾ ਤੋਂ ਵੀ ਸੰਗਤਾਂ ਸ਼ਾਮਲ ਹੋਣਗੀਆਂ ਜਿਨਾਂ ਦੀ ਪ੍ਰਵਾਨਗੀ ਭਾਰਤ ਸਰਕਾਰ ਵਲੋਂ ਮਿਲ ਚੁੱਕੀ ਹੈ।ਦਰਸ਼ਨ ਕਰਨ ਉਪਰੰਤ ਸੰਗਤਾਂ ਸ਼ਾਮ ਨੂੰ ਵਾਪਿਸ ਵਤਨ ਪਰਤ ਆਉਣਗੀਆਂ। ਉਨਾ ਇਹ ਵੀ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਅਤੇ ਗੁਰੂ ਕੀ ਰਸੋਈ ਵਲੋਂ ਅਗਲੇ ਮਹੀਨੇ ਦੋ ਜੱਥੇ ਕ੍ਰਮਵਾਰ 05 ਮਾਰਚ ਅਤੇ ਉਸ ਤੋਂ ਬਾਅਦ 30 ਮਾਰਚ ਨੂੰ ਕਰਤਾਰਪੁਰ ਸਾਹਿਬ ਲਈ ਭੇਜੇ ਜਾਣਗੇ ।ਇਸ ਮੌਕੇ ਉਨਾ ਨਾਲ ਅਮਰੀਕ ਸਿੰਘ ਮੁੱਖ ਸੇਵਾਦਾਰ ਗੁਰੂ ਕੀ ਰਸੋਈ, ਹਕੀਕਤ ਸਿੰਘ, ਭਜਨ ਸਿੰਘ, ਸੁਦਾਗਰ ਸਿੰਘ, ਸੁਖਵਿੰਦਰ ਸਿੰਘ ਸਿਆਣ, ਗੁਰਮੁੱਖ ਸਿੰਘ, ਪੰਜਾਬ ਸਿੰਘ, ਮਹਿੰਦਰ ਪਾਲ, ਗੁਰਦੇਵ ਸਿੰਘ ਫੌਜੀ, ਹਰਵਿੰਦਰ ਸਿੰਘ ਵੀ ਉਨਾਂ ਦੇ ਨਾਲ ਸਨ।

# ਹੋਮਿਓਪੈਥੀ ਵਿਭਾਗ ਦੇ ਮੁੱਖੀ ਵੱਲੋਂ ਡਿਸਪੈਂਸਰੀਆਂ ਦੀ ਅਚਾਨਕ ਕੀਤੀ ਗਈ ਚੈਕਿੰਗ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਅੱਜ ਹੋਮਿਓਪੈਥੀ ਵਿਭਾਗ ਦੇ ਜੁਆਇੰਟ ਡਾਇਰੈਕਟਰ ਕਮ ਮੁੱਖੀ ਡਾਕਟਰ ਬਲਿਹਾਰ ਸਿੰਘ ਰੰਗੀ ਦੁਆਰਾ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦਾ ਅਚਾਨਕ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਉਹਨਾਂ ਨੇ ਰੈਗੂਲਰ ਅਤੇ ਨੈਸ਼ਨਲ ਹੈਲਥ ਮਿਸ਼ਨ ਦੇ ਅੰਦਰ ਚੱਲ ਰਹੀਆਂ ਡਿਸਪੈਂਸਰੀਆਂ ਦੀ ਚੈਕਿੰਗ ਕੀਤੀ।

ਚੈਕਿੰਗ ਦੌਰਾਨ ਸਾਰਾ ਸਟਾਫ਼ ਹਾਜ਼ਰ ਪਾਇਆ ਗਿਆ। ਚੈਕਿੰਗ ਤੋਂ ਬਾਅਦ ਜਿਲਾ ਗੁਰਦਾਸਪੁਰ ਅਤੇ ਪਠਾਨਕੋਟ ਦੇ ਸਾਰੇ ਨੈਸ਼ਨਲ ਹੈਲਥ ਮਿਸ਼ਨ ਦੇ ਡਾਕਟਰਾਂ ਦੀ ਮੀਟਿੰਗ ਬੁਲਾ ਕੇ ਡਾਕਟਰ ਬਲਿਹਾਰ ਸਿੰਘ ਨੇ ਕਿਹਾ ਕੇ ਮੈਨੂੰ ਇਹਨਾਂ ਜਿਲਿਆਂ ਵਿਚ ਇਹ ਦੇਖ ਕੇ ਅਤੇ ਜਾਣ ਕੇ ਖੁਸ਼ੀ ਹੋਈ ਕੇ ਸਾਰੇ ਸਟਾਫ ਦਾ ਕੰਮ ਤਸੱਲੀਬਖਸ਼ ਹੈ ਅਤੇ ਉਹ ਆਪਣੇ-ਆਪਣੇ ਕੰਮ ਵਾਲੇ ਸਥਾਨਾਂ ਤੇ ਹਾਜ਼ਰ ਪਾਏ ਗਏ, ਅੱਗੇ ਤੋਂ ਵੀ ਤੁਸੀਂ ਸਾਰੇ ਸਮੇ ਦੇ ਪਾਬੰਦ ਰਹੋ ਅਤੇ ਸਾਫ਼-ਸਫ਼ਾਈ ਦਾ ਖਿਆਲ ਰੱਖੋ। ਉਹਨਾਂ ਨੇ ਕਿਹਾ ਕੇ ਹੋਮਿਓਪੈਥੀ ਦੇ ਪ੍ਰਚਾਰ-ਪ੍ਰਸਾਰ ਲਈ ਅਤੇ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਸਿਹਤ ਸਕੀਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਵੋ। ਇਸ ਮੌਕੇ ਤੇ ਡਾਕਟਰ ਇੰਦਰਜੀਤ ਸਿੰਘ ਰਾਣਾ ਨੇ ਹੋਮਿਓਪੈਥੀ ਡਾਕਟਰਾਂ ਸਟਾਫ ਅਤੇ ਡਿਸਪੈਂਸਰੀਆਂ ਦੀਆਂ ਮੁਸ਼ਕਲਾ ਤੋਂ ਹੋਮਿਓਪੈਥੀ ਮੁਖੀ ਨੂੰ ਜਾਣੂ ਕਰਵਾਇਆ। ਜਿਸ ਦੇ ਮੁਖੀ ਹੋਮਿਓਪੈਥੀ ਦੇ ਕਿਹਾ ਇਹਨਾਂ ਮੁਸ਼ਕਲਾਂ ਦਾ ਨਿਪਟਾਰਾ ਜਲਦੀ ਤੋਂ ਜਲਦੀ ਕਰ ਦਿੱਤਾ ਜਾਵੇਗਾ।



ਮੀਟਿੰਗ ਵਿਚ ਡਾਕਟਰ ਓਮ ਪ੍ਰਕਾਸ਼ ਵਿਗ, ਡਾਕਟਰ ਅਮਰਿੰਦਰ ਸਿੰਘ ਕਲੇਰ ਅਤੇ ਡਾਕਟਰ ਸੰਗੀਤਾ ਪਾਲ ਨੇ ਹੋਮਿਓਪੈਥੀ ਦੇ ਪ੍ਰਸਾਰ ਵਾਸਤੇ ਸੁਝਾਅ ਦਿੱਤੇ। ਲੰਬੇ ਸਮੇਂ ਤੱਕ ਚੱਲੀ ਮੀਟਿੰਗ ਤੋਂ ਬਾਅਦ ਡਾਕਟਰ ਇੰਦਰਜੀਤ ਸਿੰਘ ਰਾਣਾ, ਡਾਕਟਰ ਓਮ ਪ੍ਰਕਾਸ਼ ਵਿਗ, ਡਾਕਟਰ ਅਮਰਿੰਦਰ ਸਿੰਘ ਕਲੇਰ, ਡਾਕਟਰ ਸੰਗੀਤਾ ਪਾਲ, ਡਾਕਟਰ ਲਖਨ ਪਾਲ, ਡਾਕਟਰ ਭਗਵਾਨ ਦਾਸ, ਡਾਕਟਰ ਹਰਜਿੰਦਰ ਕੌਰ, ਡਾਕਟਰ ਹਰਪ੍ਰੀਤ ਕੌਰ ਤੋਂ ਇਲਾਵਾ ਡਿਸਪੈਂਸਰ ਭਾਰਤ ਭੂਸ਼ਨ, ਨਿਤਿਸ਼ ਪਠਾਣੀਆਂ, ਨੀਤੂੰ ਮਹਾਜਨ ਆਦਿ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਹੋਮਿਓਪੈਥੀ ਮੁੱਖੀ ਦਾ ਧੰਨਵਾਦ ਕੀਤਾ।

# ਡੀ .ਆਰ . ਬੰਦਨਾ ਦੀ ਕਿਤਾਬ ਬਾਲ ਕਹਾਣੀਆਂ ਉੱਘੀਆਂ ਹਸਤੀਆਂ ਵਲੋਂ ਰਿਲੀਜ਼



**ਜਲੰਧਰ/ਮਿਹਰ ਮਲਿਕ**

ਸਥਾਨਕ ਪੰਜਾਬ ਪ੍ਰੈੱਸ ਕਲੱਬ ਵਿੱਚ ਡੀ.ਆਰ. ਬੰਦਨਾ ਜੋ ਕਿ ਇਕ ਲੇਖਕ ਹੋਣ ਦੇ ਨਾਲ-ਨਾਲ ਭਾਰਤ ਸੰਚਾਰ ਨਿਗਮ ਲਿਮਟਿਡ ਵਿੱਚੋਂ ਬਤੌਰ ਅਕਾਊਂਟੈਂਟ ਅਫ਼ਸਰ ਸੇਵਾ ਮੁਕਤ ਹੋਏ ਹਨ , ਦੀ ਬੁੱਢੇ ਚੂਹੇ ਦੀ ਸੋਚ ਬਾਲ ਕਹਾਣੀਆਂ ਦੀ ਕਿਤਾਬ ਰਿਲੀਜ਼ ਕੀਤੀ ਗਈ । ਇਸ ਤੋਂ ਪਹਿਲਾਂ ਬੰਦਨਾ ਦੀਆਂ ਦੋ ਕਿਤਾਬਾਂ ਹੋਰ ਵੀ ਪ੍ਰਕਾਸ਼ਤ ਹੋ ਚੁੱਕੀਆਂ ਹਨ । ਇਸ ਕਿਤਾਬ ਰਿਲੀਜ਼ ਸਮਾਰੋਹ ਮੌਕੇ ਉਘੇ ਸਾਹਿਤਕਾਰ ਅਤੇ ਪੰਜਾਬ ਪ੍ਰੈਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਹੋਰਾਂ ਨੇ ਆਖਿਆ ਕਿ ਬੰਦਨਾ ਲੰਮੇ ਸਮੇਂ ਤੋਂ ਵੱਖ-ਵੱਖ ਅਖ਼ਬਾਰਾਂ ਵਿਚ ਲਿਖਦੇ ਆ ਰਹੇ ਹਨ ਅਤੇ ਉਨ੍ਹਾਂ ਦੀਆ ਬਾਲ ਕਹਾਣੀਆ ਬਾਰੇ ਕਿਤਾਬ ਜਿੱਥੇ ਬੱਚਿਆਂ ਲਈ ਲਾਹੇਵੰਦ ਸਾਬਤ ਹੋਈ ਹੈ , ਉੱਥੇ ਕਈ ਕਹਾਣੀਆਂ ਮੁਕਾਬਲਿਆ ਵਿਚ ਭਾਸ਼ਾ ਵਿਭਾਗ ਵੱਲੋਂ ਐਵਾਰਡ ਵੀ ਜਿੱਤ ਚੁੱਕੀਆਂ ਹਨ । ਮਾਣਕ ਹੋਰਾਂ ਨੇ ਕਿਹਾ ਕਿ ਬੰਦਨਾ ਦੀਆਂ ਬਾਲ ਕਹਾਣੀਆ ਕਿਤਾਬ ਚ ਸਹਿਜਤਾ , ਨੇਕ ਇਨਸਾਨ ਬਣਨ ਦੀ ਪ੍ਰੇਰਨਾ ਮਿਲਦੀ ਹੈ । ਉੱਘੇ ਨਾਮਵਰ ਪ੍ਰੋਫੈਸਰ ਜੀ.ਸੀ. ਕੌਲ ਨੇ ਬੰਦਨਾ ਦੀ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਸਾਡੇ ਸਮਾਜ ਵਿੱਚ ਲਿਖਾਰੀਆਂ ਨੇ ਨਾਵਲਾਂ ਜਾਂ ਕਹਾਣੀਆਂ ਸੰਗ੍ਰਹਿ ਬਾਰੇ ਕਾਫ਼ੀ ਕੁਝ ਉਲੀਕਿਆ ਹੈ । ਪਰ ਬਾਲਾਂ ਬਾਰੇ ਮਿਣੇ ਚੁਣੇ ਲੇਖਕਾਂ ਹਿੱਸੇ ਹੀ ਇਹ ਕਲਾ ਆਈ ਹੈ । ਪ੍ਰੋ. ਕੌਲ ਨੇ ਕਿਹਾ ਕਿ ਬੰਦਨਾ ਦੇ ਇਸ ਫਲਸਫੇ ਚੋਂ ਜੋ ਕੁਝ ਸਾਡੇ ਸਕੂਲੀ ਵਿਦਿਆਰਥੀਆਂ ਲਈ ਪਰੋਇਆ ਗਿਆ ਹੈ , ਉਸ ਨਾਲ ਕਿਸੇ ਹੱਦ ਤੱਕ ਸਾਡੇ ਸਮਾਜ ਵਿੱਚ ਜਾਗਰੂਕਤਾ ਵਿਖਰੇਗੀ । ਮੈਂ ਸੁਨੇਹਾ ਦੇਣਾ ਚਾਹਾਂਗਾ ਕਿ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਅਜਿਹੀਆਂ ਕਿਤਾਬਾਂ ਬਾਰੇ ਵਧੇਰਾ ਲਿਖਣਾ ਚਾਹੀਦਾ ਹੈ ਤਾਂ ਕਿ ਹੇਠਾਂ ਤੋਂ ਲੈ ਕੇ ਉੱਪਰ ਤੱਕ ਇੱਕ ਨਵੀਂ ਸੇਧ ਦਿੱਤੀ ਜਾ ਸਕੇ । ਇਸ ਮੌਕੇ ਪੰਜਾਬ ਪ੍ਰੈੱਸ ਕਲੱਬ ਦੇ ਸੈਕਟਰੀ ਮੇਹਰ ਮਲਿਕ ਹੋਰਾਂ ਨੇ ਵਿਚਾਰ ਚਰਚਾ ਕਰਦਿਆਂ ਆਖਿਆ ਕਿ ਸਾਡੇ ਸਿਆਸਤਦਾਨਾਂ ਨੂੰ ਬਿੱਲੀ ਤੋਂ ਮੱਤ ਲੈ ਲੈਣੀ ਚਾਹੀਦੀ ਹੈ । ਜੇਕਰ ਬਿੱਲੀ ਕੁੱਤੇ ਦੇ ਵਿਚਕਾਰ ਚਲੇ ਜਾਂਦੀ ਤਾਂ ਉਸ ਦਾ ਖਾਤਮਾ ਲਾਜ਼ਮੀ ਸੀ , ਮਲਿਕ ਨੇ ਕਿਹਾ ਕਿ ਸਾਡੇ ਸਿਆਸਤਦਾਨ ਪਹਿਲਾ ਦੇਸ਼ ਲੁੱਟਦੇ ਹਨ ਪਰ ਬਾਅਦ ਵਿੱਚ ਭਾਵੇਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਚਲੇ ਜਾਣ । ਇਸ ਕਿਤਾਬ ਲਈ ਬੰਦਨਾ ਵਧਾਈ ਦੇ ਪਾਤਰ ਹਨ । ਇਸ ਮੌਕੇ ਸਾਹਿਤਕਾਰਾਂ ਵਿਚ ਮੋਹਨ ਲਾਲ ਫ਼ ?ਲੌਰੀਆ , ਜਰਨੈਲ ਸਿੰਘ ਬੱਧਣ , ਹਰਮੇਸ਼ ਲਾਲ ਇੰਸਪੈਕਟਰ ਐਸ.ਟੀ. ਵਿਭਾਗ , ਚਮਨ ਲਾਲ , ਤਰਸੇਮ ਬੱਧਣ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਹਿਤਕਾਰ ਮੌਜੂਦ ਸਨ ।

# ਬਿ੍ਰਗੇਡੀਅਰ ਚਾਂਦਪੁਰੀ ਦੀ ਬਹਾਦਰੀ ਨੌਜਵਾਨਾਂ ਨੂੰ ਦੇਸ਼ ਲਈ ਆਪਾ ਵਾਰਨ ਲਈ ਪ੍ਰੇਰਿਤ ਕਰਦੀ ਰਹੇਗੀ: ਮੁੱਖ ਮੰਤਰੀ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਬਿ ?ਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਵੱਲੋਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਦਿਖਾਈ ਬਹਾਦਰੀ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਲਈ ਆਪਾ ਵਾਰਨ ਵਾਸਤੇ ਪ੍ਰੇਰਿਤ ਕਰੇਗੀ।ਇੱਥੇ ਬਿ ?ਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੇ ਬੁੱਤ ਤੋਂ ਪਰਦਾ ਹਟਾਉਣ ਮੌਕੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 1971 ਦੀ ਭਾਰਤ-ਪਾਕਿ ਜੰਗ ਦੇ ਇਸ ਨਾਇਕ ਨੇ ਪਾਕਿਸਤਾਨ ਵਿਰੁੱਧ ਦੇਸ਼ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀਆਂ ਨੇ ਆਪਣੇ ਬਲੀਦਾਨ ਨਾਲ ਕੌਮੀ ਸੁਤੰਤਰਤਾ ਅੰਦੋਲਨ ਵਿੱਚ ਵੱਡਾ ਯੋਗਦਾਨ ਪਾਇਆ। ਇਸੇ ਤਰ੍ਹਾਂ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਦੇ ਸੰਘਰਸ਼ ਵਿੱਚ ਵੀ ਪੰਜਾਬੀ ਅਣਗਿਣਤ ਕੁਰਬਾਨੀਆਂ ਨਾਲ ਮੋਹਰੀ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਬਹਾਦਰ ਫੌਜੀਆਂ ਨੇ ਅੱਤ ਦੀ ਗਰਮੀ ਤੇ ਹੱਡ ਚੀਰਵੀਂ ਠੰਢ ਦੇ ਬਾਵਜੂਦ ਦੇਸ਼ ਦੀਆਂ ਸਰਹੱਦਾਂ ਦੀ ਬਹਾਦਰੀ ਨਾਲ ਰਾਖੀ ਕੀਤੀ ਹੈ ਤਾਂ ਕਿ ਲੋਕ ਆਪਣੇ ਘਰਾਂ ਵਿੱਚ ਆਰਾਮ ਨਾਲ ਸੌਂ ਸਕਣ। ਉਨ੍ਹਾਂ ਚੇਤੇ ਕੀਤਾ ਕਿ 1971 ਵਿੱਚ ਪਾਕਿਸਤਾਨ ਨੇ ਭਾਰਤ ਵਿੱਚ ਦਾਖ਼ਲ ਹੋਣ ਲਈ ਲੌਂਗੇਵਾਲਾ ਨੂੰ ਆਸਾਨ ਸ਼ਿਕਾਰ ਸਮਝਿਆ ਸੀ ਕਿਉਂਕਿ ਉੱਥੇ ਤਾਇਨਾਤ ਬਿ ?ਰਗੇਡੀਅਰ ਚਾਂਦਪੁਰੀ ਕੋਲ ਸਿਰਫ਼ 120 ਫੌਜੀਆਂ ਦੀ ਕੰਪਨੀ ਸੀ। ਭਗਵੰਤ ਮਾਨ ਨੇ ਕਿਹਾ ਕਿ ਹਾਲਾਤ ਭਾਰਤ ਦੇ ਪੱਖ ਵਿੱਚ ਨਾ ਹੋਣ ਦੇ ਬਾਵਜੂਦ ਬਿ ?ਰਗੇਡੀਅਰ ਚਾਂਦਪੁਰੀ ਵੱਲੋਂ ਦਿਖਾਈ ਬਹਾਦਰੀ ਨਾਲ ਦੇਸ਼ ਜਿੱਤ ਦੇ ਰਾਹ ਉਤੇ ਪੈ ਸਕਿਆ।ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਵੱਲੋਂ ਦੇਖੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸੂਬਾ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਰਾਹ ਉਤੇ ਚੱਲਦਿਆਂ 500 ਆਮ ਆਦਮੀ ਕਲੀਨਿਕਾਂ ਰਾਹੀਂ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

WEBSITE : WWW.LOKBANI.COM
lokbani08@gmail.com

# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ

## ਭਾਈ ਆਨੰਦ ਸਿੰਘ ਦੇ ਹਜ਼ੂਰੀ ਕੀਰਤਨੀ ਜੱਥੇ ਨੇ ਗੁਰਬਾਨੀ ਦਾ ਆਨੰਦਮਈ ਕੀਰਤਨ ਕਰਕੇ ਸੰਗਤਾਂ ਨੂੰ ਕੀਤਾ ਨਿਹਾਲ





**ਲੁਧਿਆਣਾ/ਲੋਕ ਬਾਣੀ**

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਆਨੰਦ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼ ?ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀ ਨਿਹਾਲ ਕੀਤਾ । ਕੀਰਤਨ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆ ਭਾਈ ਆਨੰਦ ਸਿੰਘ ਨੇ ਕਿਹਾ ਕਿ ਸ਼ਬਦ ਗੁਰੂ ਸਾਹਿਬ ਸ਼ ?ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਸਾਨੂੰ ਜਿੱਥੇ ਸਾਨੂੰ ਅਧਿਆਤਮਕ ਤੇ ਰੂਹਾਨੀਅਤ ਦਾ ਸਕੂਨ ਪ੍ਰਦਾਨ ਕਰਦੀ ਹੈ, ਉੱਥੇ ਨਾਲ ਹੀ ਅਕਾਲ ਪੁਰਖ ਦੀ ਬੰਦਗੀ ਕਰਨ ਦਾ ਸ਼ੰਦੇਸ਼ ਵੀ ਦੇਦੀ ਹੈ।। ਉਹਨਾਂ ਨੇ ਕਿਹਾ ਕਿ ਮੌਜੂਦਾ ਸਮੇਂ ਅੰਦਰ ਬਾਬਾ ਬੁੱਢਾ ਜੀ ਵੱਲੋਂ ਬਖ਼ਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ ਤਾਂ ਹੀ ਹਰ ਬੱਚਾ ਆਪਣੇ ਅੰਦਰ ਗੁਰਸਿੱਖੀ ਵਾਲਾ ਜ਼ਜਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ । ਇਸ ਦੌਰਾਨ ਉਨ੍ਹਾਂ ਨੇ ਸੰਗਤਾਂ ਨੂੰ ਧਰਮ ਦੇ ਮਾਰਗ ਤੇ ਚੱਲਣ ਦੀ ਪ੍ਰੇਣਾ ਦਿੱਤੀ । ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਹੁਦੇਦਾਰਾਂ ਨੇ ਕੀਰਤਨੀ ਜੱਥੇ ਦੇ ਮੈਬਰਾਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਕੀਤਾ ।

ਇਸ ਸਮੇਂ ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ.ਇੰਦਰਜੀਤ ਸਿੰਘ ਮੱਕੜ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਹੁਦੇਦਾਰ ਸ.ਜਗਦੇਵ ਸਿੰਘ ਕਲਸੀ, ਸ ਮਹਿੰਦਰ ਸਿੰਘ ਡੰਗ, ਜਗਜੀਤ ਸਿੰਘ ਆਹੂਜਾ, ਅੱਤਰ ਸਿੰਘ ਮੱਕੜ ,ਬਲਜੀਤ ਸਿੰਘ ਬਾਵਾ, ਹਰਪਾਲ ਸਿੰਘ ਖਾਲਸਾ, ਗਰਦੀਪ ਸਿੰਘ ਡੀਮਾਰਟੇ,ਅਵਤਾਰ ਸਿੰਘ ਬੀ.ਕੇ, ਭੁਪਿੰਦਰ ਸਿੰਘ ਅਰੋੜਾ, ਪਰਮਜੀਤ ਸਿੰਘ ਸੇਠੀ, ਰਜਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ,ਇੰਦਰਬੀਰ ਸਿੰਘ ਬੱਤਰਾ,ਹਰਪ੍ਰੀਤ ਸਿੰਘ ਨੀਟਾ,ਅਵਤਾਰ ਸਿੰਘ ਮਿੱਡਾ, ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਅਗਨੀਵੀਰਾਂ ਦੀ ਆਨਲਾਈਨ ਰਜਿਸਟਰੇਸ਼ਨ 16 ਫ਼ਰਵਰੀ ਤੋਂ ਸ਼ੁਰੂ ਹੋਈ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਭਾਰਤੀ ਫੌਜ ਵਿੱਚ ਅਗਨੀਪਥ ਸਕੀਮ ਅਧੀਨ ਅਗਨੀਵੀਰਾਂ ਦੀ ਭਰਤੀ ਲਈ ਆਨਲਾਈਨ ਰਜਿਸਟ ?ਰੇਸ਼ਨ ਮਿਤੀ 16 ਫਰਵਰੀ 2023 ਤੋਂ ਸ਼ੁਰੂ ਹੋ ਚੁੱਕੀ ਹੈ ਜੋ ਕਿ 15 ਮਾਰਚ 2023 ਤੱਕ ਚੱਲੇਗੀ।ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸੰਜੀਵ ਕੁਮਾਰ ਜਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਭਾਰਤੀ ਫੌਜ ਵੱਲੋਂ ਅਗਨੀਵੀਰ ਟਰੇਡਜ਼ਮੈਨ (8ਵੀਂ ਲੈਵਲ) ਲਈ ਅੱਠਵੀਂ ਪਾਸ (ਘੱਟੋ ਘੱਟ 33 ਪ੍ਰਤੀਸ਼ਤ ਅੰਕ ਹਰੇਕ ਵਿਸ਼ੇ ਵਿੱਚੋਂ ਲਾਜ਼ਮੀ ਹਨ), ਅਗਨੀਵੀਰ ਟ ?ਰੇਡਜ਼ਮੈਨ (10ਵੀਂ ਲੈਵਲ) ਲਈ ਘੱਟੋ ਘੱਟ 33 ਪ੍ਰਤੀਸ਼ਤ ਅੰਕ ਹਰੇਕ ਵਿਸ਼ੇ ਵਿੱਚੋਂ ਲਾਜ਼ਮੀ ਹਨ। ਅਗਨੀਵੀਰ ਕਲਰਕ/ਸਟੋਰ ਕੀਪਰ (ਟੈਕਨੀਕਲ) ਆਲ ਆਰਮਜ਼ ਲਈ 12ਵੀਂ ਪਾਸ (ਉਵਰਆਲ ਅੰਕ 60 ਪ੍ਰਤੀਸ਼ਤ ਲਾਜਮੀ ਹਨ ਅਤੇ ਹਰੇਕ ਵਿਸ਼ੇ ਵਿੱਚ ਘੱਟੋ ਘੱਟ 50 ਪ੍ਰਤੀਸ਼ਤ ਅੰਕ ਲਾਜ਼ਮੀ ਹਨ। ਅਗਨੀਵੀਰ ਜਨਰਲ ਡਿਊਟੀ ਲਈ 10ਵੀਂ ਪਾਸ ਅਤੇ ਘੱਟੋ ਘੱਟ ਉਵਰਆਲ 45 ਪ੍ਰਤੀਸ਼ਤ ਅਤੇ ਹਰੇਕ ਵਿਸ਼ੇ ਵਿੱਚ ਘੱਟੋ ਘੱਟ 33 ਪ੍ਰਤੀਸ਼ਤ ਅੰਕ ਲਾਜ਼ਮੀ ਹਨ। ਫੌਜ ਵਿੱਚ ਭਰਤੀ ਦੇ ਚਾਹਵਾਨ ਉਮੀਦਵਾਰ ਜਿਹਨਾਂ ਦਾ ਜਨਮ 1 ਅਕਤੂਬਰ 2002 ਤੋਂ 1 ਅਪ੍ਰੈਲ 2006 ਦੇ ਦੌਰਾਨ ਹੈ, ਅਸਾਮੀਆਂ ਲਈ ਆਨਲਾਈਨ ਅਪਲਾਈ ਕਰ ਸਕਦੇ ਹਨ। ਉਮੀਦਵਾਰ ਦੀ ਲੰਬਾਈ ਘੱਟੋ ਘੱਟ 170 ਸੈਂਟੀਮੀਟਰ, ਭਾਰ ਲੰਬਾਈ ਅਨੁਸਾਰ ਅਤੇ ਛਾਤੀ 77-82 ਸੈਂਟੀਮੀਟਰ ਹੋਣੀ ਚਾਹੀਦੀ ਹੈ। ਉਮੀਦਵਾਰ ਭਾਰਤੀ ਫੌਜ ਦੀ ਅਧਿਕਾਰਤ ਵੈਬਸਾਈਟ www.joinindianarmy.nic.in ’ਤੇ ਜਾ ਕੇ ਆਨਲਾਈਨ ਅਪਲਾਈ ਕਰ ਸਕਦੇ ਹਨ ਅਤੇ ਭਰਤੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਲੈ ਸਕਦੇ ਹਨ।

# ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਵਿਖੇ ‘ਧੜਕਣ 2023’ ਪ੍ਰੋਗਰਾਮ ਦਾ ਆਯੋਜਨ




**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਵਿਖੇ ਅੱਜ ਪ੍ਰੋ. ਸੰਦੀਪ ਕੌਰ, ਪ੍ਰੋ. ਰੁਪਿੰਦਰ ਕੌਰ ਅਤੇ ਪ੍ਰੋ. ਪ੍ਰਿਯਾ ਦੀ ਦੇਖ-ਰੇਖ ਅਧੀਨ ਗਿਆਰਵੀਂ ਅਤੇ ਬਾਰਵੀਂ ਕਲਾਸ ਦੇ ਵਿ ?ਦਆਰਥੀਆਂ ਨੇ ‘ਧੜਕਣ 2023’ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਆਈਟਮਾਂ ਦੀ ਪੇਸ਼ਕਾਰੀ ਕਰਕੇ ਪੰਡਾਲ ਵਿੱਚ ਬੈਠੇ ਦਰਸ਼ਕਾਂ ਦੀ ਵਾਹ-ਵਾਹ ਖੱਟੀ।ਇਸ ਮੌਕੇ ਪ੍ ?ਰਿੰਸੀਪਲ ਡਾ. ਰਣਜੀਤ ਸਿੰਘ ਨੇ ਕਿਹਾ ਕਿ ਵਿ ?ਦਆਰਥੀਆਂ ਵਿੱਚ ਛੁਪੀ ਹੋਈ ਕਲਾ ਨੂੰ ਨਿਖਾਰਨ ਲਈ ਸਾਡੀ ਸੰਸਥਾ ਸਮੇਂ- ਸਮੇਂ ਅਜਿਹੇ ਪ੍ਰੋਗਰਾਮ ਆਯੋਜਿਤ ਕਰਦੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਵਿ ?ਦਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅਜਿਹੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਉਨ੍ਹਾ ਕਿਹਾ ਕਿ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇਹ ਸੰਸਥਾ ਜਿਲ੍ਹੇ ਦੇ ਵਿ ?ਦਆਰਥੀਆਂ ਨੂੰ ਘੱਟ ਫੀਸਾਂ ਲੈ ਕੇ ਉਚੇਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਸ ਮੌਕੇ ਜਸ਼ਨਦੀਪ ਅਤੇ ਨਾਦੀਆ ਨੇ ਭੰਗੜਾ, ਹਰਮਨ ਨੇ ਗੀਤ ਅਤੇ ਗਿਆਰਵੀਂ ਕਲਾਸ ਦੀਆਂ ਵਿਦਿਆਰਥੀਆਂ ਨੇ ਗਰੁੱਪ ਭੰਗੜਾ ਪਾ ਕੇ ਦਰਸ਼ਕਾਂ ਦਾ ਮਨ ਮੋਹਿਆ। ਇਸ ਮੌਕੇ ਵਿ ?ਦਆਰਥੀਆ ਦੀ ਸਰੀਰਕ ਅਤੇ ਮਾਨਸਿਕ ਯੋਗਤਾ ਨੂੰ ਪਰਖਣ ਲਈ ਕਈ ਦਿਲਚਸਪ ਖੇਡਾਂ ਵੀ ਕਰਵਾਈਆ ਗਈਆ। ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਪ੍ਰੋਗਰਾਮ ਵਿੱਚ ਹਿੱਸਾ ਲਿਆ।